

ndis

# ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ

# ਕਾਰਜ ਯੋਜਨਾ (ਐਕਸ਼ਨ ਪਲਾਨ)

2024-2028

Punjabi | ਪੰਜਾਬੀ

# ਦੇਸ਼ ਦੀ ਮਾਨਤਾ

NDIA ਇਸ ਦੇਸ਼ ਦੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਅਤੇ ਇਸ ਧਰਤੀ ਦੇ ਪਰੰਪਰਾਗਤ ਰਖਵਾਲਿਆਂ ਨੂੰ ਸਵੀਕਾਰਦਾ ਹੈ ਜਿੱਥੇ ਸਾਡੀ ਏਜੰਸੀ ਸਾਡੇ ਕਾਰੋਬਾਰ ਦਾ ਸੰਚਾਲਨ ਕਰਦੀ ਹੈ।

ਅਸੀਂ ਇਸ ਧਰਤੀ ਦੇ ਰਖਵਾਲਿਆਂ ਅਤੇ ਨਾਲ ਹੀ ਉਨ੍ਹਾਂ ਦੇ ਅਤੀਤ, ਵਰਤਮਾਨ ਅਤੇ ਉੱਭਰਦੇ ਹੋਏ ਪੁਰਵਜਾਂ ਅਤੇ ਵੱਡੇ-ਵਢੇਰਿਆਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ ਜਿਸ 'ਤੇ ਅਸੀਂ ਕੰਮ ਕਰਦੇ ਹਾਂ।

NDIA ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਜ਼ਮੀਨ, ਪਾਣੀ, ਸਮੁੰਦਰਾਂ ਨਾਲ ਵਿਲੱਖਣ ਸੱਭਿਆਚਾਰਕ ਅਤੇ ਅਧਿਆਤਮਿਕ ਸੰਬੰਧਾਂ ਅਤੇ ਸਮਾਜ ਵਿੱਚ ਉਨ੍ਹਾਂ ਦੇ ਭਰਪੂਰ ਯੋਗਦਾਨ ਲਈ ਉਹਨਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ।

# ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ

# ਕਾਰਜ ਯੋਜਨਾ 2024 - 2028

## ਸਮੱਗਰੀ


ਜਾਣ-ਪਛਾਣ 4

ਕਾਰਜ ਯੋਜਨਾ (ਐਕਸ਼ਨ ਪਲਾਨ) 4

ਸੰਖੇਪ ਜਾਣਕਾਰੀ 5

1. ਬੁਨਿਆਦੀ ਢਾਂਚਾ 7
2. ਸਟਾਫ਼ ਦੀ ਸਮਰੱਥਾ 14
3. ਅਪੰਗਤਾ ਪਹੁੰਚਯੋਗ ਸੰਚਾਰ 20
4. ਬਾਜ਼ਾਰ 26
5. ਡੇਟਾ 31
6. ਆਊਟਰੀਚ 33

# ਜਾਣ-ਪਛਾਣ

ਰਾਸ਼ਟਰੀ ਅਪੰਗਤਾ ਬੀਮਾ ਏਜੰਸੀ (NDIA) ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ।

ਇਹਨਾਂ ਨਤੀਜਿਆਂ ਵਿੱਚ ਸ਼ਾਮਲ ਹਨ:

- ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (NDIS) ਤੱਕ ਪਹੁੰਚ ਅਤੇ ਭਾਗੀਦਾਰੀ ਵਿੱਚ ਵਾਧਾ
- NDIS ਯੋਜਨਾਵਾਂ ਦੀ ਵਰਤੋਂ ਵਿੱਚ ਵਾਧਾ
- NDIS ਨਾਲ ਬਿਹਤਰ ਅਨੁਭਵ ਇਸ ਦੀਆਂ ਪ੍ਰਕਿਰਿਆਵਾਂ, ਪ੍ਰਣਾਲੀਆਂ ਅਤੇ ਸਟਾਫ਼ ਸਮੇਤ।

ਨਵੀਂ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024 - 2028 (ਰਣਨੀਤੀ) ਅਤੇ ਕਾਰਜ ਯੋਜਨਾ CALD ਪਿਛੋਕੜ ਵਾਲੇ ਅਪਾਹਜ ਲੋਕਾਂ ਦੇ ਨਾਲ ਸਹਿ-ਡਿਜ਼ਾਈਨ ਦੁਆਰਾ ਵਿਕਸਿਤ ਕੀਤੀ ਗਈ ਹੈ ਜਿਸ ਵਿੱਚ NDIS ਭਾਗੀਦਾਰ, ਉਹਨਾਂ ਦੇ ਪਰਿਵਾਰ ਅਤੇ ਉਹਨਾਂ ਦੀ ਦੇਖਭਾਲ ਕਰਨ ਵਾਲੇ, ਪੀਕ ਬਾਡੀਜ਼, ਅਪੰਗਤਾ ਪ੍ਰਤੀਨਿਧੀ ਸੰਸਥਾਵਾਂ ਅਤੇ ਸੇਵਾ ਪ੍ਰਦਾਤਾ ਸ਼ਾਮਲ ਹਨ।

ਇਹ ਕਾਰਜ ਯੋਜਨਾ ਇਸ ਰਣਨੀਤੀ ਨੂੰ ਲਾਗੂ ਕਰਨ, ਇਸਦੀ ਰਿਪੋਰਟਿੰਗ, ਨਿਗਰਾਨੀ ਅਤੇ ਮੁਲਾਂਕਣ ਕਰਨ ਦਾ ਸਮਰਥਨ ਕਰਦੀ ਹੈ।

## ਕਾਰਜ ਯੋਜਨਾ (ਐਕਸ਼ਨ ਪਲਾਨ)

ਇਹ ਕਾਰਜ ਯੋਜਨਾ NDIA ਦੇ ਬਾਹਰੀ ਸਲਾਹਕਾਰ ਸਮੂਹ (EAG) ਦੇ ਨਾਲ ਮਿਲਕੇ ਤਿਆਰ ਕੀਤੀ ਗਈ ਹੈ। ਇਹ NDIA ਦਾ ਮਾਰਗਦਰਸ਼ਨ ਕਰਦਾ ਹੈ ਕਿ 6 ਤਰਜੀਹੀ ਖੇਤਰਾਂ ਵਿੱਚ ਇਸ ਰਣਨੀਤੀ ਦੇ ਟੀਚਿਆਂ ਨੂੰ ਕਿਵੇਂ ਪ੍ਰਾਪਤ ਕਰਨਾ ਹੈ।

1. ਬੁਨਿਆਦੀ ਢਾਂਚਾ
2. ਸਟਾਫ਼ ਦੀ ਸਮਰੱਥਾ
3. ਅਪੰਗਤਾ ਪਹੁੰਚਯੋਗ ਸੰਚਾਰ
4. ਬਾਜ਼ਾਰ
5. ਡੇਟਾ
6. ਆਊਟਰੀਚ।

ਇਸ ਕਾਰਜ ਯੋਜਨਾ ਦਾ ਉਦੇਸ਼ ਹੈ:

- ਇਸ ਰਣਨੀਤੀ ਦੇ ਸਹਿ-ਡਿਜ਼ਾਈਨ ਦੌਰਾਨ ਵਿਕਸਿਤ ਕੀਤੀਆਂ ਗਈਆਂ **ਕਾਰਵਾਈਆਂ ਨੂੰ NDIA ਦੁਆਰਾ ਲਾਗੂ ਕਰਨ ਲਈ ਮਾਰਗਦਰਸ਼ਨ ਕਰਨਾ**

- ਇਸ ਰਣਨੀਤੀ ਨਾਲ ਸੰਬੰਧਿਤ ਨਿਗਰਾਨੀ, ਸਿੱਖਿਆ ਅਤੇ ਮੁਲਾਂਕਣ ਦੀਆਂ ਗਤੀਵਿਧੀਆਂ ਲਈ **ਇੱਕ ਸਪਸ਼ਟ ਢਾਂਚਾ ਪ੍ਰਦਾਨ ਕਰਨਾ**
- ਇਸ ਰਣਨੀਤੀ ਵਿਚਲੀਆਂ ਕਾਰਵਾਈਆਂ ਨੂੰ ਪ੍ਰਦਾਨ ਕਰਨ ਲਈ NDIA ਲਈ **ਜਵਾਬਦੇਹੀ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨਾ**।

ਇਹ ਰਣਨੀਤੀ ਅਤੇ ਕਾਰਜ ਯੋਜਨਾ ਆਸਟ੍ਰੇਲੀਆ ਦੀ ਅਪੰਗਤਾ ਰਣਨੀਤੀ 2021-2031 ਦੇ ਉਦੇਸ਼ਾਂ ਦੇ ਅਨੁਸਾਰ ਇੱਕ ਸ਼ਮੂਲੀਅਤ ਭਰਿਆ ਅਤੇ ਸੱਭਿਆਚਾਰਕ ਤੌਰ 'ਤੇ ਜਵਾਬਦੇਹ NDIS ਬਣਾਉਣ ਦੇ ਉਦੇਸ਼ ਵਿੱਚ ਯੋਗਦਾਨ ਪਾਵੇਗੀ।

NDIA ਕੀਤੀ ਤਰੱਕੀ ਦਿਖਾਉਣ ਲਈ EAG, CALD ਸੈਕਟਰ ਅਤੇ ਭਾਈਚਾਰਿਆਂ ਨੂੰ ਨਿਯਮਤ ਅੱਪਡੇਟ ਪ੍ਰਦਾਨ ਕਰੇਗਾ। ਇਹਨਾਂ ਵਿੱਚ ਸ਼ਾਮਲ ਹਨ:

- **ਸਾਲਾਨਾ ਤਰੱਕੀ ਰਿਪੋਰਟਾਂ** ਜੋ ਇਸ ਰਣਨੀਤੀ ਦੀਆਂ ਕਾਰਵਾਈਆਂ ਅਤੇ ਨਤੀਜਿਆਂ ਵੱਲ ਕੀਤੀ ਤਰੱਕੀ ਦੀ ਰੂਪਰੇਖਾ ਦੱਸਦੀਆਂ ਹਨ। ਇਹ ਰਿਪੋਰਟਾਂ ਕਾਰਜ ਯੋਜਨਾ ਵਿਚਲੇ ਤਰੱਕੀ ਮਾਪਣ ਵਾਲੇ ਉਪਾਵਾਂ ਅਤੇ ਸੰਬੰਧਿਤ ਟਿੱਪਣੀਆਂ ਬਾਰੇ ਅੱਪਡੇਟ ਪ੍ਰਦਾਨ ਕਰਨਗੀਆਂ।
- **ਅਰਧ-ਸਾਲਾਨਾ ਤਰੱਕੀ ਅੱਪਡੇਟ** ਜੋ ਹਰੇਕ ਕਾਰਵਾਈ ਪ੍ਰਤੀ ਤਰੱਕੀ ਦੀ ਉੱਚ-ਪੱਧਰੀ ਸੰਖੇਪ ਜਾਣਕਾਰੀ ਪ੍ਰਦਾਨ ਕਰਦੇ ਹਨ।

ਇਸ ਕਾਰਜ ਯੋਜਨਾ ਨੂੰ ਕਿਵੇਂ ਚਲਾਇਆ ਜਾਵੇਗਾ, ਰਿਪੋਰਟ ਕੀਤੀ ਜਾਵੇਗੀ ਅਤੇ ਨਿਗਰਾਨੀ ਕੀਤੀ ਜਾਵੇਗੀ, ਇਸ ਬਾਰੇ ਜਾਣਕਾਰੀ ਰਣਨੀਤੀ ਦਸਤਾਵੇਜ਼ ਵਿੱਚ ਦਿੱਤੀ ਗਈ ਹੈ।

ਇਹ ਰਣਨੀਤੀ ਅਤੇ ਕਾਰਜ ਯੋਜਨਾ ਨੂੰ ਇੱਕ ਨਿਗਰਾਨੀ, ਮੁਲਾਂਕਣ ਅਤੇ ਸਿਖਲਾਈ ਫਰੇਮਵਰਕ ਦੁਆਰਾ ਸਹਾਇਤਾ ਪ੍ਰਾਪਤ ਹੋਵੇਗੀ। ਇਹ ਇੱਕ ਅੰਦਰੂਨੀ ਦਸਤਾਵੇਜ਼ ਹੈ ਜੋ NDIA ਨੂੰ ਲਾਗੂ ਅਤੇ ਰਿਪੋਰਟ ਕਰਨ ਲਈ ਇੱਕ ਵਿਸਥਾਰ ਪੂਰਵਕ ਪਹੁੰਚ ਪ੍ਰਦਾਨ ਕਰਦਾ ਹੈ।

## ਸੰਖੇਪ ਜਾਣਕਾਰੀ

ਇਹ ਕਾਰਜ ਯੋਜਨਾ ਹੇਠ ਲਿਖੀਆਂ ਸ਼ਰਤਾਂ ਦੀ ਵਰਤੋਂ ਕਰਦੀ ਹੈ।

- **ਟੀਚਾ:** ਲੰਬੇ ਸਮੇਂ ਦਾ ਨਤੀਜਾ ਜੋ NDIA ਪ੍ਰਾਪਤ ਕਰਨਾ ਚਾਹੁੰਦਾ ਹੈ।
- **ਕਾਰਵਾਈ:** ਇਸ ਟੀਚੇ ਨੂੰ ਪ੍ਰਾਪਤ ਕਰਨ ਲਈ NDIS ਕੀ ਕਰੇਗਾ।
- **ਨਤੀਜਾ:** ਉਹ ਨਤੀਜਾ ਜਾਂ ਪ੍ਰਭਾਵ ਜੋ ਕਾਰਵਾਈ ਤੋਂ ਹੋਣ ਦੀ ਉਮੀਦ ਕੀਤੀ ਜਾਂਦੀ ਹੈ।
- **ਤਰੱਕੀ ਮਾਪਕ:** NDIA ਸਫ਼ਲਤਾ ਅਤੇ ਤਰੱਕੀ ਨੂੰ ਕਿਵੇਂ ਮਾਪੇਗਾ।

ਇਸ ਕਾਰਜ ਯੋਜਨਾ ਵਿੱਚ ਤਰੱਕੀ ਮਾਪਕ ਨਿਮਨਲਿਖਤ ਸਮਾਂ-ਸੀਮਾ ਦੀ ਵਰਤੋਂ ਕਰਦੇ ਹਨ।

- **ਛੋਟੀ ਮਿਆਦ:** 0-2 ਸਾਲ।
- **ਦਰਮਿਆਨੀ ਮਿਆਦ:** 3-4 ਸਾਲ।
- **ਲੰਮੀ ਮਿਆਦ:** 5+ ਸਾਲ।

ਇਥੇ 3 ਕਿਸਮ ਦੇ ਤਰੱਕੀ ਮਾਪਕ ਹਨ।

- **ਗੁਣਵੱਤਾ ਮਾਪਕ:** ਉਦਾਹਰਨ ਲਈ, ਭਾਗੀਦਾਰ ਅਨੁਭਵ 'ਤੇ ਫੀਡਬੈਕ।
- **ਕਾਰਗੁਜ਼ਾਰੀ ਮਾਪਕ:** ਉਦਾਹਰਨ ਲਈ, CALD ਭਾਗੀਦਾਰਾਂ ਦੀ ਵਧੀ ਹੋਈ ਗਿਣਤੀ।
- **ਮੀਲ-ਪੱਥਰ ਗਤੀਵਿਧੀਆਂ:** ਉਦਾਹਰਨ ਲਈ, ਦਿਸ਼ਾ-ਨਿਰਦੇਸ਼ਾਂ ਦਾ ਪ੍ਰਕਾਸ਼ਨ।

ਜਿਵੇਂ ਹੀ ਇਹ ਰਣਨੀਤੀ ਲਾਗੂ ਕੀਤੀ ਜਾਂਦੀ ਹੈ, ਤਰੱਕੀ ਮਾਪਕਾਂ ਨੂੰ ਸੁਧਾਰਿਆ ਅਤੇ ਅਪਡੇਟ ਕੀਤਾ ਜਾਵੇਗਾ। ਇਹ ਤਬਦੀਲੀਆਂ ਤਰੱਕੀ ਨੂੰ ਵਧੀਆ ਤਰੀਕੇ ਨਾਲ ਮਾਪਣ ਅਤੇ ਦੱਸਣ ਲਈ ਨਵੀਂਆਂ ਸੂਝਾਂ ਨੂੰ ਦਰਸਾਉਣਗੀਆਂ। ਤਰੱਕੀ ਮਾਪਕ CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ ਢੁੱਕਵੇਂ ਅਤੇ ਅਰਥਪੂਰਨ ਹੋਣੇ ਚਾਹੀਦੇ ਹਨ।

ਤਰੱਕੀ ਮਾਪਕਾਂ ਲਈ ਬੈਂਚਮਾਰਕ (ਜਾਂ ਬੇਸਲਾਈਨ) ਪਹਿਲੀ ਸਾਲਾਨਾ ਤਰੱਕੀ ਰਿਪੋਰਟ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ। ਫਿਰ ਇਹਨਾਂ ਬੈਂਚਮਾਰਕਾਂ ਦੇ ਸੰਦਰਭ ਵਿੱਚ ਅੱਗੇ ਰਿਪੋਰਟਿੰਗ ਕਰਨੀ ਜਾਰੀ ਰਹੇਗੀ। ਜਿੱਥੇ ਤਰੱਕੀ ਮਾਪਕਾਂ ਲਈ ਡੇਟਾ ਇਕੱਠਾ ਕੀਤਾ ਜਾਂਦਾ ਹੈ, ਇਹ ਰਣਨੀਤੀ ਦੇ ਲਾਗੂ ਹੋਣ ਦੇ ਪਹਿਲੇ ਸਾਲ ਵਿੱਚ ਨਿਰਧਾਰਤ ਕੀਤਾ ਜਾਵੇਗਾ।

# 1. ਬੁਨਿਆਦੀ ਢਾਂਚਾ

## ਟੀਚਾ 1

NDIA 'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਦੀਆਂ ਸਹਿ-ਡਿਜ਼ਾਈਨ ਕੀਤੀਆਂ ਅਤੇ ਸਹਿਮਤੀ ਹੋਈਆਂ ਪਰਿਭਾਸ਼ਾਵਾਂ ਦੀ ਵਰਤੋਂ ਕਰਦਾ ਹੈ।

## ਕਾਰਵਾਈ 1

'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਨੂੰ ਪਰਿਭਾਸ਼ਿਤ ਕਰਨ ਲਈ CALD ਅਪੰਗਤਾ ਭਾਈਚਾਰਿਆਂ, ਭਾਈਵਾਲਾਂ, ਪ੍ਰਦਾਤਾਵਾਂ ਅਤੇ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

CALD ਅਪੰਗਤਾ ਭਾਈਚਾਰਿਆਂ, ਭਾਈਵਾਲਾਂ ਅਤੇ ਪ੍ਰਦਾਤਾਵਾਂ ਨਾਲ 'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਦੀ ਪਰਿਭਾਸ਼ਾ 'ਤੇ ਸਹਿਮਤੀ ਹੈ।

*ਤਰੱਕੀ ਮਾਪਕ*

ਇਸ ਸੈਕਟਰ ਦੁਆਰਾ 'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਦੀਆਂ ਪਰਿਭਾਸ਼ਾਵਾਂ ਦਾ ਸਮਰਥਨ ਕੀਤਾ ਗਿਆ ਹੈ।

### ਦਰਮਿਆਨੀ ਮਿਆਦ ਦਾ

*ਨਤੀਜੇ*

- NDIS ਦਿਸ਼ਾ-ਨਿਰਦੇਸ਼, ਪ੍ਰਕਿਰਿਆਵਾਂ ਅਤੇ ਸੇਵਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਉਚਿਤ ਅਤੇ ਸੰਵੇਦਨਸ਼ੀਲ ਪਹੁੰਚਾਂ ਨੂੰ ਦਰਸਾਉਂਦੀਆਂ ਹਨ।
- NDIS ਸਟਾਫ਼ ਅਤੇ ਭਾਈਵਾਲਾਂ ਨੂੰ 'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਦੀ ਸਮਝ ਵਧੀ ਹੈ।

*ਤਰੱਕੀ ਮਾਪਕ*

'ਸੱਭਿਆਚਾਰਕ ਸੁਰੱਖਿਆ' ਅਤੇ 'ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੰਵੇਦਨਸ਼ੀਲ ਸੇਵਾ' ਨੂੰ ਸ਼ਾਮਲ ਕਰਨ ਲਈ NDIS ਦਿਸ਼ਾ-ਨਿਰਦੇਸ਼ਾਂ, ਪ੍ਰਕਿਰਿਆਵਾਂ ਅਤੇ ਸੇਵਾਵਾਂ ਵਿੱਚ ਕੀਤੇ ਗਏ ਸੁਧਾਰਾਂ ਦੀ ਗਿਣਤੀ।

## ਟੀਚਾ 2

NDIS ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ NDIS ਤੱਕ ਨਿਰਪੱਖ ਪਹੁੰਚ ਅਤੇ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਯੋਜਨਾਵਾਂ ਦੀ ਵਰਤੋਂ ਨੂੰ ਸਮਰੱਥ ਬਣਾਉਂਦੀਆਂ ਹਨ।

## ਕਾਰਵਾਈ 2

ਇਹ ਯਕੀਨੀ ਬਣਾਉਣ ਲਈ NDIS ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਅਤੇ ਅੱਪਡੇਟ ਕਰਨਾ ਕਿ ਉਹ ਸ਼ਮੂਲੀਅਤ ਭਰੇ ਹਨ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹਨ ਅਤੇ (ਕਾਰਵਾਈ 1 ਦੇ ਨਤੀਜਿਆਂ 'ਤੇ ਆਧਾਰਿਤ) ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਨੂੰ ਪਛਾਣਦੇ ਹਨ।

### ਛੋਟੀ ਮਿਆਦ ਦੀ

*ਨਤੀਜਾ*

NDIS ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਕੀਤੀ ਗਈ ਹੈ ਅਤੇ ਇਹ ਯਕੀਨੀ ਬਣਾਉਣ ਲਈ ਅੱਪਡੇਟ ਕੀਤਾ ਗਿਆ ਹੈ ਕਿ ਉਹ ਸ਼ਮੂਲੀਅਤ ਵਾਲੇ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਭਾਗੀਦਾਰਾਂ ਦੀਆਂ ਸੱਭਿਆਚਾਰਕ ਲੋੜਾਂ ਨੂੰ ਪਛਾਣਦੇ ਹਨ।

*ਤਰੱਕੀ ਮਾਪਕ*

ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਨੂੰ ਪਛਾਣਨ ਲਈ ਪਛਾਣੇ ਗਏ, ਸਮੀਖਿਆ ਕੀਤੇ ਗਏ ਅਤੇ ਅੱਪਡੇਟ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਗਿਣਤੀ ਅਤੇ ਪ੍ਰਤੀਸ਼ਤ।

### ਦਰਮਿਆਨੀ ਮਿਆਦ ਦਾ

*ਨਤੀਜਾ*

NDIS ਸੰਚਾਲਨ ਦਿਸ਼ਾ-ਨਿਰਦੇਸ਼ ਸ਼ਮੂਲੀਅਤ ਵਾਲੇ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਭਾਗੀਦਾਰਾਂ ਦੀਆਂ ਸੱਭਿਆਚਾਰਕ ਲੋੜਾਂ ਨੂੰ ਪਛਾਣਦੇ ਹਨ।

*ਤਰੱਕੀ ਮਾਪਕ*

ਉਹਨਾਂ ਦਿਸ਼ਾ-ਨਿਰਦੇਸ਼ਾਂ ਦੀ ਗਿਣਤੀ ਅਤੇ ਪ੍ਰਤੀਸ਼ਤ ਜੋ ਸ਼ਮੂਲੀਅਤ ਵਾਲੇ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਭਾਗੀਦਾਰਾਂ ਦੀਆਂ ਸੱਭਿਆਚਾਰਕ ਲੋੜਾਂ ਨੂੰ ਪਛਾਣਦੇ ਹਨ।

## ਕਾਰਵਾਈ 3

CALD ਭਾਗੀਦਾਰਾਂ ਨੂੰ ਲੋੜੀਂਦੀਆ ਸਹਾਇਤਾਵਾਂ ਬਾਰੇ ਯੋਜਨਾਕਾਰਾਂ ਦੀ ਸਮਝ ਨੂੰ ਬਿਹਤਰ ਬਣਾਉਣ ਲਈ ਮਾਰਗਦਰਸ਼ਨ ਵਿਕਸਿਤ ਅਤੇ ਪ੍ਰਦਾਨ ਕਰਨਾ। ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

- ਯੋਜਨਾ ਲਾਗੂ ਕਰਨ ਵੇਲੇ CALD ਭਾਗੀਦਾਰਾਂ ਲਈ ਸਹਾਇਤਾ, ਜੇਕਰ ਭਾਸ਼ਾ ਜਾਂ ਸੱਭਿਆਚਾਰ ਨੂੰ ਰੁਕਾਵਟ ਵਜੋਂ ਪਛਾਣਿਆ ਜਾਂਦਾ ਹੈ
- CALD ਭਾਗੀਦਾਰਾਂ ਲਈ ਉਹਨਾਂ ਦੀ ਭਾਸ਼ਾ ਵਿੱਚ ਸਰੋਤਾਂ ਦੀ ਉਪਲਬਧਤਾ
- CALD ਭਾਗੀਦਾਰਾਂ ਲਈ ਵਧੇਰੇ ਸਮਾਜਿਕ ਅਤੇ ਭਾਈਚਾਰਕ ਭਾਗੀਦਾਰੀ ਲਈ ਫੰਡਿੰਗ
- ਗੱਲਬਾਤ ਕਰਨ ਦੇ ਤਰੀਕਿਆਂ ਦੀ ਵੱਧਦੀ ਵਰਤੋਂ ਜੋ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਅਪੰਗਤਾ ਪਹੁੰਚਯੋਗ ਹਨ।

### ਛੋਟੀ ਮਿਆਦ ਦੀ

*ਨਤੀਜਾ*

ਯੋਜਨਾਕਾਰਾਂ ਕੋਲ CALD ਭਾਗੀਦਾਰਾਂ ਨੂੰ ਲੋੜੀਂਦੀਆਂ ਸਹਾਇਤਾਵਾਂ ਦੀ ਆਪਣੀ ਸਮਝ ਨੂੰ ਬਿਹਤਰ ਬਣਾਉਣ ਲਈ ਸਰੋਤਾਂ ਅਤੇ ਮਾਰਗਦਰਸ਼ਨ ਦੀ ਜਾਣਕਾਰੀ ਅਤੇ ਉਹਨਾਂ ਤੱਕ ਪਹੁੰਚ ਹੈ।

*ਤਰੱਕੀ ਮਾਪਕ*

- ਯੋਜਨਾਕਾਰਾਂ ਲਈ ਢੁੱਕਵੇਂ ਸਰੋਤ ਅਤੇ ਮਾਰਗਦਰਸ਼ਨ ਵਿਕਸਿਤ ਅਤੇ ਪ੍ਰਕਾਸ਼ਿਤ ਕੀਤੇ ਗਏ ਹਨ।
- ਯੋਜਨਾਕਾਰ ਸਰੋਤਾਂ ਅਤੇ ਮਾਰਗਦਰਸ਼ਨ ਤੱਕ ਪਹੁੰਚ ਕਰਨ ਅਤੇ ਵਰਤਣ ਦੇ ਤਰੀਕੇ ਦੀ ਵਧੀ ਹੋਈ ਸਮਝ ਦਿਖਾਉਂਦੇ ਹਨ।

### ਦਰਮਿਆਨੀ ਮਿਆਦ ਦਾ

*ਨਤੀਜੇ*

- CALD ਭਾਗੀਦਾਰ ਆਪਣੀ ਭਾਸ਼ਾ ਵਿੱਚ ਸਰੋਤਾਂ ਤੱਕ (ਪ੍ਰੀ-ਐਕਸੈਸ ਪੜਾਅ 'ਤੇ, ਯੋਜਨਾ ਬਣਾਉਣ ਦੀਆਂ ਮੀਟਿੰਗਾਂ ਤੋਂ ਪਹਿਲਾਂ ਅਤੇ ਆਪਣੀ ਭਾਸ਼ਾ ਵਿੱਚ ਭਾਗੀਦਾਰ ਯੋਜਨਾਵਾਂ ਸਮੇਤ) ਪਹੁੰਚ ਕਰਦੇ ਹਨ।
- CALD ਭਾਗੀਦਾਰ ਯੋਜਨਾ ਲਾਗੂ ਕਰਨ ਵੇਲੇ ਸਹਾਇਤਾ ਤੱਕ ਪਹੁੰਚ ਕਰਦੇ ਹਨ, ਜਦੋਂ ਭਾਸ਼ਾ ਨੂੰ ਰੁਕਾਵਟ ਵਜੋਂ ਪਛਾਣਿਆ ਜਾਂਦਾ ਹੈ (ਸਹਾਇਤਾ ਤਾਲਮੇਲ ਸਮੇਤ)।
- CALD ਭਾਗੀਦਾਰ ਸਮਾਜਿਕ ਅਤੇ ਭਾਈਚਾਰਕ ਭਾਗੀਦਾਰੀ ਲਈ ਵਧੇਰੇ ਫੰਡਿੰਗ ਤੱਕ ਪਹੁੰਚ ਕਰਦੇ ਹਨ।
- ਗੱਲਬਾਤ ਸਮੱਗਰੀ ਅਤੇ ਚੈਨਲ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਪਹੁੰਚਯੋਗ ਹਨ।

*ਤਰੱਕੀ ਮਾਪਕ*

- CALD ਭਾਗੀਦਾਰਾਂ ਦੀ ਗਿਣਤੀ ਅਤੇ ਪ੍ਰਤੀਸ਼ਤ:
    - ਜੋ ਆਪਣੀ NDIS ਯਾਤਰਾ ਦੌਰਾਨ (ਯੋਜਨਾ ਮੀਟਿੰਗਾਂ ਤੋਂ ਪਹਿਲਾਂ, ਯੋਜਨਾ ਮੀਟਿੰਗਾਂ ਤੋਂ ਬਾਅਦ ਅਤੇ ਆਪਣੀ ਭਾਸ਼ਾ ਵਿੱਚ NDIS ਯੋਜਨਾਵਾਂ ਸਮੇਤ) ਆਪਣੀ ਭਾਸ਼ਾ ਵਿੱਚ ਜਾਣਕਾਰੀ ਤੱਕ ਪਹੁੰਚ ਕਰਦੇ ਹਨ।
    - ਭਾਸ਼ਾ ਦੀਆਂ ਰੁਕਾਵਟਾਂ ਦੀ ਪਛਾਣ ਵਾਲੇ (ਜਿਸ ਵਿੱਚ ਬਗ਼ੈਰ-ਬੋਲੀ ਵਾਲੀਆਂ ਰੁਕਾਵਟਾਂ ਸ਼ਾਮਿਲ ਹਨ) ਜੋ ਸਹਿਯੋਗ ਤਾਲਮੇਲ ਸਮੇਤ ਯੋਜਨਾ ਲਾਗੂ ਕਰਨ ਦੇ ਨਾਲ ਸਹਾਇਤਾ ਤੱਕ ਪਹੁੰਚ ਕਰਦੇ ਹਨ।
    - ਸਮਾਜਿਕ ਅਤੇ ਭਾਈਚਾਰਕ ਭਾਗੀਦਾਰੀ ਲਈ ਫੰਡਿੰਗ ਵਾਲੇ, ਅਤੇ ਫ਼ੰਡ ਕੀਤੇ ਘੰਟਿਆਂ ਦੀ ਗਿਣਤੀ ਦੇ ਨਾਲ।
    - ਜੋ ਵਧੀਆ ਅਨੁਭਵ ਹੋਏ ਹੋਣ ਦੀ ਰਿਪੋਰਟ ਕਰਦੇ ਹਨ ਕਿ ਯੋਜਨਾਕਾਰ ਕਿਵੇਂ ਸੰਚਾਰ ਕਰਦੇ ਹਨ ਅਤੇ ਜੁੜਦੇ ਹਨ (ਭਾਵੇਂ ਇਹ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਅਪੰਗਤਾ ਪਹੁੰਚਯੋਗ ਹੋਵੇ ਜਾਂ ਨਾ)।
- CALD ਭਾਗੀਦਾਰਾਂ ਲਈ ਯੋਜਨਾ ਦੀ ਵਰਤੋਂ ਵਿੱਚ ਵਾਧਾ।

## ਕਾਰਵਾਈ 4

ਮਾਰਗਦਰਸ਼ਨ ਵਿਕਸਿਤ ਅਤੇ ਪ੍ਰਕਾਸ਼ਿਤ ਕਰਨਾ, ਜੋ NDIS ਸਟਾਫ਼ ਅਤੇ ਭਾਈਵਾਲਾਂ ਨੂੰ NDIS ਅਰਜ਼ੀ ਪ੍ਰਕਿਰਿਆ ਦੁਆਰਾ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸਮੇਂ ਸਿਰ ਬਿਹਤਰ ਸਹਾਇਤਾ ਕਰਨ ਵਿੱਚ ਮੱਦਦ ਕਰਦਾ ਹੈ।

### ਛੋਟੀ ਮਿਆਦ ਦੀ

*ਨਤੀਜਾ*

NDIS ਸਟਾਫ਼ ਅਤੇ ਭਾਈਵਾਲਾਂ ਕੋਲ ਮਾਰਗਦਰਸ਼ਨ ਤੱਕ ਪਹੁੰਚ ਵੱਧ ਗਈ ਹੈ, ਜੋ ਉਹਨਾਂ ਨੂੰ NDIS ਅਰਜ਼ੀ ਪ੍ਰਕਿਰਿਆ ਰਾਹੀਂ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸਮੇਂ ਸਿਰ ਬਿਹਤਰ ਸਹਾਇਤਾ ਕਰਨ ਦੇ ਯੋਗ ਬਣਾਉਂਦਾ ਹੈ।

*ਤਰੱਕੀ ਮਾਪਕ*

NDIS ਸਟਾਫ਼ ਅਤੇ ਭਾਈਵਾਲਾਂ ਲਈ ਉਚਿਤ ਮਾਰਗਦਰਸ਼ਨ ਵਿਕਸਿਤ ਅਤੇ ਪ੍ਰਕਾਸ਼ਿਤ ਕੀਤਾ ਗਿਆ ਹੈ।

### ਦਰਮਿਆਨੀ ਮਿਆਦ ਦਾ

*ਨਤੀਜੇ*

- ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ NDIS ਤੱਕ ਪਹੁੰਚ ਕਰਨ ਦੀ ਸਮਝ ਅਤੇ ਯੋਗਤਾ ਵਧੀ ਹੋਈ ਹੈ।
- ਸੰਬੰਧਿਤ ਸਰਕਾਰੀ ਏਜੰਸੀਆਂ ਦੀ ਇਸ ਬਾਰੇ ਸਮਝ ਵਿੱਚ ਵਾਧਾ ਹੋਇਆ ਹੈ ਕਿ NDIS ਤੱਕ ਪਹੁੰਚ ਕਰਨ ਲਈ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਸਹਾਇਤਾ ਕਿਵੇਂ ਕਰਨੀ ਹੈ।

*ਤਰੱਕੀ ਮਾਪਕ*

ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਗਿਣਤੀ ਅਤੇ ਪ੍ਰਤੀਸ਼ਤ:

- ਜੋ NDIS ਲਈ ਅਰਜ਼ੀ ਦਿੰਦੇ ਹਨ
- ਜੋ NDIS ਤੱਕ ਪਹੁੰਚ ਨੂੰ ਪੂਰਾ ਕਰਦੇ ਹਨ
- ਜੋ NDIS ਅਰਜ਼ੀ ਪ੍ਰਕਿਰਿਆ ਨਾਲ ਵਧੀਆ ਅਨੁਭਵ ਹੋਣ ਦੀ ਰਿਪੋਰਟ ਕਰਦੇ ਹਨ।

## ਕਾਰਵਾਈ 5

ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ NDIS ਤੱਕ ਪਹੁੰਚ ਕਰਨ ਲਈ ਬਿਹਤਰ ਸਹਾਇਤਾ ਕਰਨ ਲਈ ਸਰਕਾਰੀ ਏਜੰਸੀਆਂ ਨਾਲ ਕੰਮ ਕਰਨਾ। ਇਸ ਵਿੱਚ ਅਪੰਗਤਾ ਵਾਲੇ ਲੋਕਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪਛਾਣਨ ਵਿੱਚ ਮੱਦਦ ਕਰਨ ਲਈ ਆਉਣ ਤੋਂ ਪਹਿਲਾਂ ਭਰੇ ਗਏ ਸਿਹਤ ਮੁਲਾਂਕਣਾਂ ਅਤੇ ਸਹਾਇਕ ਦਸਤਾਵੇਜ਼ਾਂ ਤੋਂ ਲਈ ਜਾਣਕਾਰੀ ਦੀ ਵਰਤੋਂ ਸ਼ਾਮਲ ਹੋ ਸਕਦੀ ਹੈ।

### ਛੋਟੀ ਮਿਆਦ ਦੀ

*ਨਤੀਜੇ*

- ਸੰਬੰਧਿਤ ਸਰਕਾਰੀ ਏਜੰਸੀਆਂ ਅਤੇ ਭਾਗੀਦਾਰ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਲਈ NDIS ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਮਿਲ ਕੇ ਕੰਮ ਕਰਦੇ ਹਨ।
- ਇੱਥੇ ਇੱਕ ਅੱਪਡੇਟ ਕੀਤੀ ਪਹੁੰਚ ਹੈ ਜੋ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਲਈ NDIS ਤੱਕ ਪਹੁੰਚ ਵਿੱਚ ਸੁਧਾਰ ਕਰਦੀ ਹੈ।

*ਤਰੱਕੀ ਮਾਪਕ*

ਸੰਬੰਧਿਤ ਸਰਕਾਰੀ ਏਜੰਸੀਆਂ ਅਤੇ ਹੋਰ ਭਾਗੀਦਾਰਾਂ ਦੇ ਨਾਲ ਗਤੀਵਿਧੀਆਂ ਸ਼ਾਮਲ ਕਰਨ ਵਾਲੀ ਇੱਕ ਸ਼ਮੂਲੀਅਤ ਯੋਜਨਾ ਪੂਰੀ ਹੋ ਚੁੱਕੀ ਹੈ ਅਤੇ ਚੱਲ ਰਹੀ ਹੈ।

### ਦਰਮਿਆਨੀ ਮਿਆਦ ਦਾ

*ਨਤੀਜੇ*

- ਸ਼ਰਨਾਰਥੀ ਅਤੇ ਨਵੇਂ ਆਏ ਪ੍ਰਵਾਸੀਆਂ ਕੋਲ NDIS ਤੱਕ ਪਹੁੰਚ ਕਰਨ ਲਈ ਅਰਜ਼ੀ ਦੇਣ ਵੇਲੇ ਆਉਣ ਤੋਂ ਪਹਿਲਾਂ ਮੁਕੰਮਲ ਕੀਤੇ ਮੁਲਾਂਕਣ ਹਨ, ਅਤੇ ਮਾਨਤਾ ਪ੍ਰਾਪਤ ਸਹਾਇਕ ਦਸਤਾਵੇਜ਼ ਹਨ।
- ਸੰਬੰਧਿਤ ਸਰਕਾਰੀ ਏਜੰਸੀਆਂ ਦੀ ਇਸ ਬਾਰੇ ਸਮਝ ਵਿੱਚ ਵਾਧਾ ਹੋਇਆ ਹੈ ਕਿ NDIS ਤੱਕ ਪਹੁੰਚ ਕਰਨ ਲਈ ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਸਹਾਇਤਾ ਕਿਵੇਂ ਕਰਨੀ ਹੈ।

*ਤਰੱਕੀ ਮਾਪਕ*

ਸ਼ਰਨਾਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ, ਜੋ NDIS ਲਈ ਅਰਜ਼ੀ ਦਿੰਦੇ ਹਨ ਅਤੇ ਸਫ਼ਲਤਾਪੂਰਵਕ ਪਹੁੰਚ ਕਰਦੇ ਹਨ।

## ਟੀਚਾ 3

CALD ਭਾਈਚਾਰਿਆਂ ਅਤੇ ਭਾਗੀਦਾਰਾਂ ਨਾਲ NDIS ਸੰਚਾਰ ਪ੍ਰਕਿਰਿਆਵਾਂ ਸੱਭਿਆਚਾਰਕ ਤੌਰ 'ਤੇ ਢੁੱਕਵੀਆਂ, ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਹਨ, ਅਤੇ ਭਰੋਸੇ ਨੂੰ ਵਧਾਉਂਦੀਆਂ ਹਨ।

## ਕਾਰਵਾਈ 6

ਪ੍ਰਕਿਰਿਆਵਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਵਿਕਸਿਤ ਕਰਨ ਅਤੇ ਲਾਗੂ ਕਰਨ ਲਈ NDIS ਕਮਿਸ਼ਨ ਨਾਲ ਕੰਮ ਕਰਨਾ। ਇਹ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਪਹੁੰਚਯੋਗ ਤਰੀਕਿਆਂ ਨਾਲ ਫੀਡਬੈਕ ਪ੍ਰਦਾਨ ਕਰਨ ਅਤੇ NDIS ਫ਼ੈਸਲਿਆਂ ਬਾਰੇ ਅਪੀਲ ਕਰਨ ਵਿੱਚ ਮੱਦਦ ਕਰਨਗੇ।

### ਛੋਟੀ ਮਿਆਦ ਦੀ

*ਨਤੀਜਾ*

ਉੱਚ ਗੁਣਵੱਤਾ ਵਾਲੀ ਖੋਜ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਫ਼ੈਸਲਿਆਂ ਦੀ ਅਪੀਲ ਲਈ ਉਚਿਤ ਫੀਡਬੈਕ ਵਿਧੀ ਅਤੇ ਪ੍ਰਕਿਰਿਆਵਾਂ 'ਤੇ ਮਾਰਗਦਰਸ਼ਨ ਦੇ ਵਿਕਾਸ ਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ।

*ਤਰੱਕੀ ਮਾਪਕ*

CALD ਪਿਛੋਕੜ ਵਾਲੇ ਅਪਾਹਜ ਲੋਕਾਂ ਲਈ ਉਚਿਤ ਫੀਡਬੈਕ ਅਤੇ ਅਪੀਲ ਪ੍ਰਕਿਰਿਆਵਾਂ ਦਾ ਪਤਾ ਲਗਾਇਆ, ਵਿਕਸਿਤ ਅਤੇ ਲਾਗੂ ਕੀਤਾ ਜਾਂਦਾ ਹੈ।

### ਦਰਮਿਆਨੀ ਮਿਆਦ ਦਾ

*ਨਤੀਜਾ*

ਫੀਡਬੈਕ ਪ੍ਰਕਿਰਿਆਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹਨ ਅਤੇ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਲਈ ਪਹੁੰਚਯੋਗ ਹਨ।

*ਤਰੱਕੀ ਮਾਪਕ*

CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕ ਫੀਡਬੈਕ ਅਤੇ ਅਪੀਲਾਂ ਲਈ ਪ੍ਰਕਿਰਿਆ ਦੇ ਨਾਲ ਬਿਹਤਰ ਅਨੁਭਵ ਦੀ ਰਿਪੋਰਟ ਕਰਦੇ ਹਨ ਜੋ ਸੱਭਿਆਚਾਰਕ ਸੁਰੱਖਿਆ ਅਤੇ ਪਹੁੰਚਯੋਗਤਾ ਨਾਲ ਸੰਬੰਧਿਤ ਹਨ।

# 2. ਸਟਾਫ਼ ਦੀ ਸਮਰੱਥਾ

## ਟੀਚਾ 4

NDIS ਸਟਾਫ਼ ਅਤੇ ਭਾਈਵਾਲ, ਭਾਗੀਦਾਰਾਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਨੂੰ ਸਮਝਦੇ ਹਨ ਅਤੇ ਉਹਨਾਂ ਦਾ ਜਵਾਬ ਦਿੰਦੇ ਹਨ ਅਤੇ ਇਹ ਲੋੜਾਂ ਉਹਨਾਂ ਦੀ ਅਪੰਗਤਾ ਸਹਾਇਤਾ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀਆਂ ਹਨ।

## ਕਾਰਵਾਈ 7

CALD ਭਾਈਚਾਰਿਆਂ, ਸਰਕਾਰੀ ਏਜੰਸੀਆਂ (NDIS ਕਮਿਸ਼ਨ ਸਮੇਤ) ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨਾਲ NDIS ਸਟਾਫ਼ ਅਤੇ ਭਾਈਵਾਲਾਂ ਨੂੰ ਨਿਰੰਤਰ ਚੱਲਣ ਵਾਲੇ ਸਿੱਖਿਆ ਪ੍ਰੋਗਰਾਮ ਨੂੰ ਪ੍ਰਦਾਨ ਕਰਨ ਲਈ ਕੰਮ ਕਰਨਾ। ਇਹ ਪ੍ਰੋਗਰਾਮ ਸੱਭਿਆਚਾਰਕ ਅਤੇ ਭਾਸ਼ਾ ਦੀ ਜਾਗਰੂਕਤਾ (ਸਮੇਤ d/Deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ) ਨੂੰ ਬਿਹਤਰ ਬਣਾਉਣ ਲਈ ਕੰਮ ਕਰੇਗਾ, ਅਤੇ CALD ਪਿਛੋਕੜ ਵਾਲੇ ਲੋਕਾਂ ਨਾਲ ਸੁਰੱਖਿਅਤ, ਪ੍ਰਭਾਵੀ, ਅਰਥਪੂਰਨ ਅਤੇ ਢੁੱਕਵੀਂ ਗੱਲਬਾਤ ਪ੍ਰਦਾਨ ਕਰਨ ਦੀ ਯੋਗਤਾ ਪ੍ਰਦਾਨ ਕਰੇਗਾ।

### ਛੋਟੀ ਮਿਆਦ ਦੀ

*ਨਤੀਜਾ*

ਸੰਬੰਧਿਤ CALD ਭਾਈਚਾਰੇ, NDIS ਕਮਿਸ਼ਨ, ਸਰਕਾਰੀ ਏਜੰਸੀਆਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਮਿਲ ਕੇ ਕੰਮ ਕਰਦੀਆਂ ਹਨ ਅਤੇ ਨਿਰੰਤਰ ਚੱਲਣ ਵਾਲੇ ਸਿੱਖਿਆ ਪ੍ਰੋਗਰਾਮ ਨੂੰ ਵਿਕਸਿਤ ਕਰਦੀਆਂ ਹਨ।

*ਤਰੱਕੀ ਮਾਪਕ*

- ਸੰਬੰਧਿਤ ਭਾਈਚਾਰੇ ਅਤੇ ਹੋਰ ਹਿੱਤਧਾਰਕਾਂ ਦੀ ਪਛਾਣ ਹੋ ਗਈ ਹੈ, ਸੂਚੀਬੱਧ ਅਤੇ ਸ਼ਾਮਿਲ ਹਨ।
- ਇੱਕ ਸਿੱਖਿਆ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ ਅਤੇ NDIS ਸਟਾਫ਼ ਅਤੇ ਭਾਈਵਾਲਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ।

### ਦਰਮਿਆਨੀ ਮਿਆਦ ਦਾ

*ਨਤੀਜਾ*

NDIS ਸਟਾਫ਼ ਦੀ ਸੰਖਿਆ ਅਤੇ ਪ੍ਰਤੀਸ਼ਤਤਾ ਨੇ ਸੱਭਿਆਚਾਰਕ ਅਤੇ ਭਾਸ਼ਾ ਦੀ ਜਾਗਰੂਕਤਾ, ਸਮਝ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਪ੍ਰਭਾਵੀ ਅਤੇ ਢੁੱਕਵੇਂ ਤਰੀਕੇ ਨਾਲ ਗੱਲਬਾਤ ਕਰਨ ਦੀ ਯੋਗਤਾ ਵਿੱਚ ਸੁਧਾਰ ਕੀਤਾ ਹੈ।

*ਤਰੱਕੀ ਮਾਪਕ*

- NDIS ਸਟਾਫ਼ ਅਤੇ ਭਾਈਵਾਲਾਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ ਜਿੰਨ੍ਹਾਂ ਨੇ:
    - ਸਿੱਖਿਆ ਪ੍ਰੋਗਰਾਮ ਨੂੰ ਪੂਰਾ ਕਰ ਲਿਆ ਹੈ
    - ਸੱਭਿਆਚਾਰਕ ਅਤੇ ਭਾਸ਼ਾ ਦੀ ਜਾਗਰੂਕਤਾ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਪ੍ਰਭਾਵੀ, ਅਰਥਪੂਰਨ ਅਤੇ ਢੁੱਕਵੇਂ ਤਰੀਕੇ ਨਾਲ ਗੱਲਬਾਤ ਕਰਨ ਦੀ ਸਮਝ ਅਤੇ ਸਮਰੱਥਾ ਵਧਣ ਬਾਰੇ ਰਿਪੋਰਟ ਕੀਤਾ ਹੈ।
- CALD ਭਾਗੀਦਾਰਾਂ ਨੇ NDIS ਸਟਾਫ਼ ਨਾਲ ਗੱਲਬਾਤ ਦੌਰਾਨ ਵਧੀ ਹੋਈ ਸੱਭਿਆਚਾਰਕ ਅਤੇ ਭਾਸ਼ਾ ਦੀ ਜਾਗਰੂਕਤਾ ਦਾ ਅਨੁਭਵ ਕਰਨ ਦੀ ਰਿਪੋਰਟ ਕੀਤੀ ਹੈ।

## ਕਾਰਵਾਈ 8

ਸਾਰੇ ਪੱਧਰਾਂ 'ਤੇ ਪ੍ਰਤੀਨਿਧਤਾ ਨੂੰ ਬਿਹਤਰ ਬਣਾਉਣ ਲਈ NDIA ਵਿਖੇ CALD ਪਿਛੋਕੜ ਵਾਲੇ ਲੋਕਾਂ (ਅਪੰਗਤਾ ਵਾਲੇ ਲੋਕਾਂ ਸਮੇਤ) ਲਈ ਰੁਜ਼ਗਾਰ ਦੇ ਮੌਕਿਆਂ ਦਾ ਸਮਰਥਨ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

CALD ਸਟਾਫ਼ ਲਈ ਰੁਜ਼ਗਾਰ ਦੇ ਮੌਕੇ (ਤਰੱਕੀ ਸਮੇਤ) ਦੀ ਪਛਾਣ ਅਤੇ ਖੋਜ ਕੀਤੀ ਗਈ ਹੈ।

*ਤਰੱਕੀ ਮਾਪਕ*

CALD ਸਟਾਫ਼ ਲਈ ਇੱਕ ਰੁਜ਼ਗਾਰ ਯੋਜਨਾ ਦਾ ਵਿਕਾਸ ਅਤੇ ਲਾਗੂ ਕਰਨ।

### ਦਰਮਿਆਨੀ ਮਿਆਦ ਦਾ

*ਨਤੀਜਾ*

NDIA ਭਾਈਚਾਰੇ ਦੀ ਵਿਭਿੰਨਤਾ ਨੂੰ CALD ਪਿਛੋਕੜ ਵਾਲੇ ਸਟਾਫ਼ ਦੀ ਗਿਣਤੀ ਅਤੇ ਪ੍ਰਤੀਸ਼ਤਤਾ ਵਿੱਚ ਵਾਧੇ ਦੁਆਰਾ ਦਰਸਾਉਂਦਾ ਹੈ।

*ਤਰੱਕੀ ਮਾਪਕ*

NDIA ਵਿਖੇ (ਅਪੰਗਤਾ ਵਾਲੇ ਲੋਕਾਂ ਸਮੇਤ) CALD ਪਿਛੋਕੜ ਵਾਲੇ ਸਟਾਫ਼ ਦੀ ਗਿਣਤੀ ਅਤੇ ਪ੍ਰਤੀਸ਼ਤਤਾ ਵਿੱਚ ਵਾਧਾ, ਪੱਧਰ ਅਤੇ CALD ਪਿਛੋਕੜ ਦੁਆਰਾ।

## ਟੀਚਾ 5

NDIS ਸਟਾਫ਼ ਅਤੇ ਭਾਈਵਾਲ ਸਾਰੇ ਰੁਝੇਵਿਆਂ ਵਿੱਚ ਸੱਭਿਆਚਾਰਕ ਸੁਰੱਖਿਆ ਅਤੇ ਸਦਮੇ-ਸੂਚਿਤ ਕੰਮ ਕਰਨ ਦੇ ਤਰੀਕਿਆਂ ਦੀ ਵਰਤੋਂ ਕਰਦੇ ਹਨ।

## ਕਾਰਵਾਈ 9

NDIA ਦੇ ਸਿਖਲਾਈ ਪੈਕੇਜਾਂ ਵਿੱਚ ਸੱਭਿਆਚਾਰਕ ਸੁਰੱਖਿਆ, ਨਸਲਵਾਦ-ਵਿਰੋਧੀ ਅਤੇ ਸਦਮੇ-ਸੂਚਿਤ ਕੰਮ ਕਰਨ ਦੇ ਤਰੀਕਿਆਂ ਬਾਰੇ ਸਿੱਖਿਆ ਅਤੇ ਸਿਖਲਾਈ ਨੂੰ ਸਿਰਜਣ ਲਈ CALD ਭਾਈਚਾਰਿਆਂ, ਸਰਕਾਰੀ ਏਜੰਸੀਆਂ (NDIS ਕਮਿਸ਼ਨ ਸਮੇਤ) ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨਾਲ ਮਿਲਕੇ ਕੰਮ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

CALD ਭਾਈਚਾਰਿਆਂ ਅਤੇ ਸਰਕਾਰੀ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ ਅਤੇ ਸੱਭਿਆਚਾਰਕ ਸੁਰੱਖਿਆ, ਨਸਲਵਾਦ ਵਿਰੋਧੀ ਅਤੇ ਸਦਮੇ-ਸੂਚਨਾ ਵਾਲੇ ਕੰਮ ਕਰਨ ਦੇ ਤਰੀਕਿਆਂ 'ਤੇ ਸਿਖਲਾਈ ਪ੍ਰਦਾਨ ਕਰਦੀਆਂ ਹਨ।

*ਤਰੱਕੀ ਮਾਪਕ*

NDIS ਸਟਾਫ਼ ਅਤੇ ਭਾਈਵਾਲਾਂ ਲਈ ਸੰਬੰਧਿਤ ਸਿਖਲਾਈ ਪ੍ਰੋਗਰਾਮਾਂ ਦਾ ਵਿਕਾਸ ਅਤੇ ਲਾਗੂ ਕਰਨ।

### ਦਰਮਿਆਨੀ ਮਿਆਦ ਦਾ

*ਨਤੀਜਾ*

NDIS ਸਟਾਫ਼ ਅਤੇ ਭਾਈਵਾਲਾਂ ਨੂੰ CALD ਸੈਟਿੰਗਾਂ ਵਿੱਚ ਨਸਲਵਾਦ ਵਿਰੋਧੀ ਅਤੇ ਸਦਮੇ-ਸੂਚਿਤ ਕੰਮ ਕਰਨ ਦੇ ਤਰੀਕਿਆਂ ਬਾਰੇ ਸੱਭਿਆਚਾਰਕ ਯੋਗਤਾ ਦੀ ਵਧੇਰੇ ਜਾਣਕਾਰੀ ਹੈ।

*ਤਰੱਕੀ ਮਾਪਕ*

- NDIS ਸਟਾਫ਼ ਅਤੇ ਭਾਈਵਾਲਾਂ ਦੁਆਰਾ ਸਿਖਲਾਈ ਵਿੱਚ ਭਾਗੀਦਾਰੀ ਅਤੇ ਭਾਗੀਦਾਰੀ ਕਰਨ ਦੀ ਗਿਣਤੀ (ਅਹੁਦੇ ਦੁਆਰਾ)।
- NDIS ਸਟਾਫ਼ ਅਤੇ ਭਾਈਵਾਲ CALD ਭਾਈਚਾਰਿਆਂ ਦੀਆਂ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਲੋੜਾਂ ਬਾਰੇ ਵਧੇ ਹੋਏ ਗਿਆਨ, ਜਾਗਰੂਕਤਾ ਅਤੇ ਸਮਝ ਦੀ ਰਿਪੋਰਟ ਕਰਦੇ ਹਨ।
- CALD ਭਾਗੀਦਾਰਾਂ ਨੇ NDIS ਸਟਾਫ਼ ਅਤੇ ਭਾਈਵਾਲਾਂ ਨਾਲ ਗੱਲਬਾਤ ਦੌਰਾਨ ਵਧੀ ਹੋਈ ਸੱਭਿਆਚਾਰਕ ਅਤੇ ਭਾਸ਼ਾ ਦੀ ਜਾਗਰੂਕਤਾ ਦਾ ਅਨੁਭਵ ਕਰਨ ਦੀ ਰਿਪੋਰਟ ਕੀਤੀ।

## ਕਾਰਵਾਈ 10

NDIS ਨਾਲ ਗੱਲਬਾਤ ਕਰਦੇ ਸਮੇਂ CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਦੁਭਾਸ਼ੀਏ ਅਤੇ ਹੋਰ ਭਾਸ਼ਾ ਸਹਾਇਤਾ ਦੀ ਵਰਤੋਂ 'ਤੇ NDIS ਸਟਾਫ਼ ਅਤੇ ਭਾਈਵਾਲਾਂ ਨੂੰ ਸਿਖਲਾਈ ਦੇਣਾ ਅਤੇ ਸਰੋਤ ਵਿਕਸਿਤ ਕਰਨਾ ਅਤੇ ਪ੍ਰਦਾਨ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

NDIS ਸਟਾਫ਼ ਅਤੇ ਭਾਈਵਾਲ ਦੋਭਾਸ਼ੀਆ ਅਤੇ ਹੋਰ ਭਾਸ਼ਾ ਸਹਾਇਤਾਵਾਂ ਨਾਲ ਪ੍ਰਭਾਵੀ ਢੰਗ ਨਾਲ ਜੁੜਨ ਦੀ ਆਪਣੀ ਸਮਰੱਥਾ ਵਿੱਚ ਸੁਧਾਰ ਕਰਦੇ ਹਨ, ਜਿਸ ਵਿੱਚ ਇਹਨਾਂ ਸਹਾਇਤਾਵਾਂ ਤੱਕ ਪਹੁੰਚ ਕਰਨ ਦੇ ਤਰੀਕੇ ਅਤੇ ਬਿਹਤਰ ਅਨੁਭਵ ਬਾਰੇ ਵਧੀ ਹੋਈ ਜਾਗਰੂਕਤਾ ਸ਼ਾਮਲ ਹੈ।

*ਤਰੱਕੀ ਮਾਪਕ*

ਸੰਬੰਧਿਤ ਸਿਖਲਾਈ ਪ੍ਰੋਗਰਾਮਾਂ ਅਤੇ ਸਰੋਤਾਂ ਦਾ ਵਿਕਾਸ ਅਤੇ ਲਾਗੂ ਕਰਨ।

### ਦਰਮਿਆਨੀ ਮਿਆਦ ਦਾ

*ਨਤੀਜਾ*

NDIS ਸਟਾਫ਼, ਭਾਈਵਾਲ ਅਤੇ ਦੁਭਾਸ਼ੀਏ ਇੱਕ ਦੂਜੇ ਨਾਲ ਅਤੇ ਭਾਗੀਦਾਰਾਂ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਦੇ ਹਨ।

*ਤਰੱਕੀ ਮਾਪਕ*

- NDIS ਸਟਾਫ਼ ਅਤੇ ਭਾਗੀਦਾਰਾਂ ਦੀ ਗਿਣਤੀ ਅਤੇ ਪ੍ਰਤੀਸ਼ਤ ਜੋ ਦੁਭਾਸ਼ੀਆ ਸਿੱਖਿਆ ਪ੍ਰੋਗਰਾਮਾਂ ਨੂੰ ਪੂਰਾ ਕਰਦੇ ਹਨ ਅਤੇ ਸੰਬੰਧਿਤ ਸਰੋਤਾਂ ਤੱਕ ਪਹੁੰਚ ਕਰਦੇ ਹਨ।
- CALD ਭਾਗੀਦਾਰਾਂ ਦੀ ਗਿਣਤੀ ਅਤੇ ਪ੍ਰਤੀਸ਼ਤ ਜੋ ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ ਕਰਦੇ ਹਨ (ਭਾਸ਼ਾ, ਮੀਟਿੰਗ ਦੀ ਕਿਸਮ (ਉਦਾਹਰਨ ਲਈ, ਯੋਜਨਾ) ਅਤੇ ਵਿਧੀ (ਉਦਾਹਰਨ ਲਈ, ਉਸੇ ਸਥਾਨ 'ਤੇ) ਦੁਆਰਾ।
- CALD ਭਾਗੀਦਾਰ ਦੁਭਾਸ਼ੀਆ ਸੇਵਾਵਾਂ (CALD ਭਾਈਚਾਰੇ ਦੁਆਰਾ) ਤੱਕ ਪਹੁੰਚ ਕਰਨ ਅਤੇ ਵਰਤਣ ਦੇ ਨਾਲ ਇੱਕ ਬਿਹਤਰ ਅਨੁਭਵ ਦੀ ਰਿਪੋਰਟ ਕਰਦੇ ਹਨ।

## ਕਾਰਵਾਈ 11

ਇੱਕ CALD ਸ਼ਮੂਲੀਅਤ ਯੋਜਨਾ ਅਤੇ ਪ੍ਰੋਗਰਾਮ ਵਿਕਸਿਤ ਕਰਨਾ ਜੋ NDIS ਸਟਾਫ਼ ਲਈ ਇੱਕ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸ਼ਮੂਲੀਅਤ ਭਰੀ ਕੰਮ ਵਾਲੀ ਥਾਂ ਦਾ ਵਿਕਾਸ ਅਤੇ ਤਰੱਕੀ ਕਰਨਾ ਜਾਰੀ ਰੱਖੇ।

**ਛੋਟੀ ਮਿਆਦ ਦੀ**

*ਨਤੀਜਾ*

CALD ਸ਼ਮੂਲੀਅਤ ਯੋਜਨਾ ਅਤੇ ਪ੍ਰੋਗਰਾਮ ਨੂੰ ਅਰਥਪੂਰਨ ਸਲਾਹ-ਮਸ਼ਵਰੇ ਅਤੇ ਮਜ਼ਬੂਤ ਖੋਜ ਦੁਆਰਾ ਵਿਕਸਿਤ ਕੀਤਾ ਗਿਆ ਹੈ।

*ਤਰੱਕੀ ਮਾਪਕ*

CALD ਸ਼ਮੂਲੀਅਤ ਯੋਜਨਾ ਅਤੇ ਪ੍ਰੋਗਰਾਮ ਦਾ ਵਿਕਾਸ ਅਤੇ ਲਾਗੂ ਕਰਨ।

**ਦਰਮਿਆਨੀ ਮਿਆਦ ਦਾ**

*ਨਤੀਜਾ*

NDIA ਇੱਕ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸ਼ਮੂਲੀਅਤ ਭਰੀ ਕੰਮ ਵਾਲੀ ਥਾਂ ਹੈ।

*ਤਰੱਕੀ ਮਾਪਕ*

CALD ਪਿਛੋਕੜ ਵਾਲੇ NDIS ਸਟਾਫ਼ ਲਈ ਨੌਕਰੀ ਬਰਕਰਾਰ ਰੱਖਣ ਦੀਆਂ ਦਰਾਂ ਅਤੇ ਕੈਰੀਅਰ ਦੀ ਤਰੱਕੀ ਦੇ ਵਧੇ ਹੋਏ ਮੌਕੇ।

## ਕਾਰਵਾਈ 12

ਕੰਮ ਕਰਨ ਦੇ ਤਰੀਕਿਆਂ ਦਾ ਇੱਕ ਭਾਈਚਾਰਾ ਸਿਰਜਣਾ ਜੋ ਸਟਾਫ਼ ਨੂੰ ਉਹਨਾਂ ਦੇ ਹੁਨਰਾਂ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਨ ਲਈ ਗਿਆਨ ਨੂੰ ਸਾਂਝਾ ਕਰਦਾ ਹੈ ਤਾਂ ਜੋ ਉਹ d/deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਦੀ ਬਿਹਤਰ ਸਹਾਇਤਾ ਕਰ ਸਕਣ। ਇਸ ਟੀਮ ਵਿੱਚ ਅਜਿਹੇ NDIS ਸਟਾਫ਼ ਅਤੇ ਭਾਈਵਾਲ ਸ਼ਾਮਲ ਹੋਣਗੇ ਜੋ ਔਸਲਾਨ ਦੀ ਵਰਤੋਂ ਕਰਨ ਵਿੱਚ ਨਿਪੁੰਨ ਹਨ। ਇਹ ਦਿਸ਼ਾ-ਨਿਰਦੇਸ਼ਾਂ, ਪ੍ਰਕਿਰਿਆਵਾਂ ਅਤੇ ਸ਼ਮੂਲੀਅਤ ਦੇ ਮੌਕਿਆਂ ਲਈ ਸਹਾਇਤਾ ਦੁਆਰਾ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰੇਗਾ।

**ਛੋਟੀ ਮਿਆਦ ਦੀ**

*ਨਤੀਜਾ*

NDIS ਸਟਾਫ਼ ਅਤੇ ਭਾਈਵਾਲਾਂ ਦੀਆਂ ਸੱਭਿਆਚਾਰਕ ਸਮਰੱਥਾਵਾਂ ਨੂੰ d/deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਨਾਲ ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਸੁਰੱਖਿਅਤ ਸ਼ਮੂਲੀਅਤ ਬਣਾਉਣ ਲਈ ਮਜ਼ਬੂਤ ਕੀਤਾ ਜਾਂਦਾ ਹੈ।

*ਤਰੱਕੀ ਮਾਪਕ*

- ਕੰਮ ਕਰਨ ਦੇ ਤਰੀਕਿਆਂ ਦੇ ਇੱਕ ਭਾਈਚਾਰੇ ਦੀ ਸਥਾਪਨਾ।
- NDIS ਸਟਾਫ਼ ਅਤੇ ਭਾਈਵਾਲਾਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ ਜਿਨ੍ਹਾਂ ਨੇ d/Deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਨਾਲ ਸੰਬੰਧਿਤ ਸੱਭਿਆਚਾਰਕ ਸਮਰੱਥਾਵਾਂ 'ਤੇ ਯੋਗਤਾ-ਨਿਰਮਾਣ ਪਹਿਲਕਦਮੀਆਂ ਨੂੰ ਪੂਰਾ ਕੀਤਾ ਹੈ।
- NDIS ਸਟਾਫ਼ ਅਤੇ ਭਾਈਵਾਲ ਆਪਸੀ ਤਾਲਮੇਲ, ਸਰੋਤਾਂ ਦੀ ਪਹੁੰਚਯੋਗਤਾ ਅਤੇ NDIS ਦੀ ਵਰਤੋਂ 'ਤੇ d/Deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਤੋਂ ਫੀਡਬੈਕ।

## ਦਰਮਿਆਨੀ ਮਿਆਦ ਦਾ

*ਨਤੀਜਾ*

NDIS ਸਟਾਫ਼ ਅਤੇ ਭਾਈਵਾਲਾਂ ਨੇ d/deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਨਾਲ ਉਚਿਤ ਤੌਰ 'ਤੇ ਜੁੜਨ ਦੀ ਸਮਰੱਥਾ ਵਿੱਚ ਸੁਧਾਰ ਕੀਤਾ ਹੈ।

*ਤਰੱਕੀ ਮਾਪਕ*

- d/Deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਨਾਲ ਸੰਬੰਧਿਤ ਸੱਭਿਆਚਾਰਕ ਸਮਰੱਥਾਵਾਂ 'ਤੇ ਪੂਰੀਆਂ ਕੀਤੀਆਂ ਗਈਆਂ ਯੋਗਤਾ-ਨਿਰਮਾਣ ਪਹਿਲਕਦਮੀਆਂ ਦੀ ਗਿਣਤੀ ਅਤੇ ਪ੍ਰਤੀਸ਼ਤ।
- NDIS ਸਟਾਫ਼ ਅਤੇ ਭਾਈਵਾਲ ਆਪਸੀ ਤਾਲਮੇਲ, ਸਰੋਤਾਂ ਦੀ ਪਹੁੰਚਯੋਗਤਾ ਅਤੇ NDIS ਦੀ ਵਰਤੋਂ 'ਤੇ d/deaf, ਬੋਲ਼ੇ ਅਤੇ ਅੰਨ੍ਹੇ ਅਤੇ ਸੁਣਨ ਵਿੱਚ ਸਮੱਸਿਆਵਾਂ ਵਾਲੇ ਭਾਈਚਾਰਿਆਂ ਤੋਂ ਫੀਡਬੈਕ।

# 3. ਅਪੰਗਤਾ ਪਹੁੰਚਯੋਗ ਸੰਚਾਰ

## ਟੀਚਾ 6

CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ ਪ੍ਰਭਾਵੀ ਸੰਚਾਰ ਚੈਨਲ NDIS ਦੁਆਰਾ ਪਛਾਣੇ ਅਤੇ ਵਰਤੇ ਜਾਂਦੇ ਹਨ।

### ਕਾਰਵਾਈ 13

CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਅਤੇ ਉਹਨਾਂ ਨਾਲ ਜੁੜਨ ਦੇ ਤਰੀਕਿਆਂ ਬਾਰੇ ਦਿਸ਼ਾ-ਨਿਰਦੇਸ਼ ਵਿਕਸਿਤ ਕਰਨ ਅਤੇ ਲਾਗੂ ਕਰਨ ਲਈ CALD ਭਾਈਚਾਰਿਆਂ, NDIS ਕਮਿਸ਼ਨ ਅਤੇ ਸੈਕਟਰ ਨਾਲ ਕੰਮ ਕਰਨਾ। ਇਸ ਵਿੱਚ ਆਪਣੀ ਭਾਸ਼ਾ ਵਿੱਚ, ਅਤੇ ਵੱਖ-ਵੱਖ ਚੈਨਲਾਂ, ਜਿਵੇਂ ਕਿ ਵੀਡੀਓ, ਆਡੀਓ ਅਤੇ ਪ੍ਰਿੰਟ ਰਾਹੀਂ ਜਾਣਕਾਰੀ ਸ਼ਾਮਲ ਹੁੰਦੀ ਹੈ।

#### ਛੋਟੀ ਮਿਆਦ ਦੀ

*ਨਤੀਜਾ*

ਦਿਸ਼ਾ-ਨਿਰਦੇਸ਼ ਵਿਕਸਿਤ ਕੀਤੇ ਗਏ ਹਨ ਅਤੇ CALD ਭਾਈਚਾਰਿਆਂ ਅਤੇ ਭਾਗੀਦਾਰਾਂ ਨਾਲ ਗੱਲਬਾਤ ਅਤੇ ਸ਼ਮੂਲੀਅਤ ਲਈ ਸਭ ਤੋਂ ਵਧੀਆ ਕੰਮ ਕਰਨ ਦੇ ਤਰੀਕਿਆਂ ਦੀ ਪਹੁੰਚ ਸ਼ਾਮਲ ਕਰਦੇ ਹਨ।

*ਤਰੱਕੀ ਮਾਪਕ*

ਕੰਮ ਕਰਨ ਦੇ ਵਧੀਆ ਤਰੀਕਿਆਂ ਦੇ ਦਿਸ਼ਾ-ਨਿਰਦੇਸ਼ ਵਿਕਸਿਤ ਅਤੇ ਲਾਗੂ ਕੀਤੇ ਜਾਂਦੇ ਹਨ।

#### ਦਰਮਿਆਨੀ ਮਿਆਦ ਦਾ

*ਨਤੀਜਾ*

NDIS ਨੇ CALD ਭਾਈਚਾਰਿਆਂ ਅਤੇ ਭਾਗੀਦਾਰਾਂ ਨਾਲ ਰੁਝੇਵਿਆਂ ਨੂੰ ਵਧਾਇਆ ਹੈ।

*ਤਰੱਕੀ ਮਾਪਕ*

CALD ਭਾਗੀਦਾਰਾਂ, ਪ੍ਰਦਾਤਾਵਾਂ ਅਤੇ ਸੈਕਟਰ ਤੋਂ ਅਪਡੇਟਾਂ, ਸੰਚਾਰ ਅਤੇ ਵਰਤੇ ਗਏ ਚੈਨਲਾਂ ਦੀ ਪ੍ਰਭਾਵਸ਼ੀਲਤਾ 'ਤੇ ਫੀਡਬੈਕ।

## ਕਾਰਵਾਈ 14

CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ ਪਹੁੰਚਯੋਗਤਾ ਅਤੇ ਨੈਵੀਗੇਸ਼ਨ ਨੂੰ ਬਿਹਤਰ ਬਣਾਉਣ ਲਈ NDIS ਵੈੱਬਸਾਈਟ, myplace portal (ਮਾਈਪਲੇਸ ਪੋਰਟਲ), My NDIS application (ਮਾਈ NDIS ਐਪਲੀਕੇਸ਼ਨ), Provider finder tool (ਪ੍ਰੋਵਾਈਡਰ ਫਾਈਂਡਰ ਟੂਲ), myplace provider portal (ਮਾਈਪਲੇਸ ਪ੍ਰੋਵਾਈਡਰ ਪੋਰਟਲ) ਅਤੇ National Contact Centre (ਨੈਸ਼ਨਲ ਕੰਟੈਕਟ ਸੈਂਟਰ) ਦੀ ਸਮੀਖਿਆ ਅਤੇ ਅੱਪਡੇਟ ਕਰਨਾ। ਇਸ ਵਿੱਚ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਦੀ ਵਰਤੋਂ ਕਰਨਾ ਅਤੇ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਉਪਲਬਧ ਨਾ ਹੋਣ 'ਤੇ ਮੱਦਦ ਤੱਕ ਪਹੁੰਚ ਕਰਨਾ ਸ਼ਾਮਲ ਹੈ।

### ਛੋਟੀ ਮਿਆਦ ਦੀ

*ਨਤੀਜਾ*

NDIS ਵੈੱਬਸਾਈਟ, myplace portal (ਮਾਈਪਲੇਸ ਪੋਰਟਲ), My NDIS application (ਮਾਈ NDIS ਐਪਲੀਕੇਸ਼ਨ), Provider finder tool (ਪ੍ਰੋਵਾਈਡਰ ਫਾਈਂਡਰ ਟੂਲ), myplace provider portal (ਮਾਈਪਲੇਸ ਪ੍ਰੋਵਾਈਡਰ ਪੋਰਟਲ) ਅਤੇ National Contact Centre (ਨੈਸ਼ਨਲ ਕੰਟੈਕਟ ਸੈਂਟਰ) ਨੇ CALD ਭਾਈਚਾਰਿਆਂ ਅਤੇ ਭਾਗੀਦਾਰਾਂ ਲਈ ਪਹੁੰਚਯੋਗਤਾ ਅਤੇ ਨੈਵੀਗੇਸ਼ਨ ਵਿੱਚ ਸੁਧਾਰ ਕੀਤਾ ਹੈ।

*ਤਰੱਕੀ ਮਾਪਕ*

NDIS ਵੈੱਬਸਾਈਟ, myplace portal (ਮਾਈਪਲੇਸ ਪੋਰਟਲ), My NDIS application (ਮਾਈ NDIS ਐਪਲੀਕੇਸ਼ਨ), Provider finder tool (ਪ੍ਰੋਵਾਈਡਰ ਫਾਈਂਡਰ ਟੂਲ), myplace provider portal (ਮਾਈਪਲੇਸ ਪ੍ਰੋਵਾਈਡਰ ਪੋਰਟਲ) ਅਤੇ National Contact Centre (ਨੈਸ਼ਨਲ ਕੰਟੈਕਟ ਸੈਂਟਰ) ਲਈ ਪਛਾਣੇ ਗਏ ਅੱਪਡੇਟਾਂ ਨੂੰ ਪੂਰਾ ਕਰਨਾ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਭਾਗੀਦਾਰਾਂ ਅਤੇ ਭਾਈਚਾਰਿਆਂ ਦੀ NDIS ਵੈੱਬਸਾਈਟ, myplace portal (ਮਾਈਪਲੇਸ ਪੋਰਟਲ), My NDIS application (ਮਾਈ NDIS ਐਪਲੀਕੇਸ਼ਨ), Provider finder tool (ਪ੍ਰੋਵਾਈਡਰ ਫਾਈਂਡਰ ਟੂਲ), myplace provider portal (ਮਾਈਪਲੇਸ ਪ੍ਰੋਵਾਈਡਰ ਪੋਰਟਲ) ਅਤੇ National Contact Centre (ਨੈਸ਼ਨਲ ਕੰਟੈਕਟ ਸੈਂਟਰ) ਤੱਕ ਪਹੁੰਚ ਅਤੇ ਵਰਤੋਂ ਵਿੱਚ ਸੁਧਾਰ ਹੋਇਆ ਹੈ।

*ਤਰੱਕੀ ਮਾਪਕ*

CALD ਭਾਈਚਾਰਿਆਂ ਦੁਆਰਾ NDIS ਵੈੱਬਸਾਈਟ, myplace portal (ਮਾਈਪਲੇਸ ਪੋਰਟਲ), My NDIS application (ਮਾਈ NDIS ਐਪਲੀਕੇਸ਼ਨ), Provider finder tool (ਪ੍ਰੋਵਾਈਡਰ ਫਾਈਂਡਰ ਟੂਲ),

myplace provider portal (ਮਾਈਪਲੇਸ ਪ੍ਰੋਵਾਈਡਰ ਪੋਰਟਲ) ਅਤੇ National Contact Centre (ਨੈਸ਼ਨਲ ਕੰਟੈਕਟ ਸੈਂਟਰ) ਦੀ ਵਧੀ ਹੋਈ ਵਰਤੋਂ।

## ਕਾਰਵਾਈ 15

ਭਾਸ਼ਾ ਦਿਸ਼ਾ-ਨਿਰਦੇਸ਼ਾਂ ਨੂੰ ਵਿਕਸਿਤ ਕਰਨ, ਪ੍ਰਕਾਸ਼ਿਤ ਕਰਨ ਅਤੇ ਲਾਗੂ ਕਰਨ ਲਈ CALD ਭਾਈਚਾਰਿਆਂ, NDIS ਕਮਿਸ਼ਨ ਅਤੇ ਸੈਕਟਰ ਨਾਲ ਮਿਲਕੇ ਕੰਮ ਕਰਨਾ। ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਦੱਸਣਾ ਚਾਹੀਦਾ ਹੈ ਕਿ CALD ਭਾਈਚਾਰਿਆਂ ਅਤੇ ਭਾਗੀਦਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ NDIS ਬਾਰੇ ਕਿਹੜੀਆਂ ਭਾਸ਼ਾਵਾਂ ਵਿੱਚ ਜਾਣਕਾਰੀ ਦਾ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ।

### ਛੋਟੀ ਮਿਆਦ ਦੀ

*ਨਤੀਜਾ*

CALD ਬਿਨੈਕਾਰ ਅਤੇ ਭਾਗੀਦਾਰ ਆਪਣੀ ਭਾਸ਼ਾ ਵਿੱਚ NDIS ਜਾਣਕਾਰੀ ਦੀ ਸਮੀਖਿਆ ਕਰਨ ਅਤੇ ਸਮਝਣ ਦੇ ਯੋਗ ਹਨ।

*ਤਰੱਕੀ ਮਾਪਕ*

- ਢੁੱਕਵੇਂ ਭਾਸ਼ਾ ਅਨੁਵਾਦ ਦਿਸ਼ਾ-ਨਿਰਦੇਸ਼ ਵਿਕਸਿਤ, ਪ੍ਰਕਾਸ਼ਿਤ ਅਤੇ ਲਾਗੂ ਕੀਤੇ ਗਏ ਹਨ।
- ਦਿਸ਼ਾ-ਨਿਰਦੇਸ਼ਾਂ ਵਿੱਚ ਪਛਾਣੀਆਂ ਗਈਆਂ ਭਾਸ਼ਾਵਾਂ ਵਿੱਚ ਉਚਿਤ ਰੂਪ ਵਿੱਚ ਅਨੁਵਾਦ ਕੀਤੇ ਦਸਤਾਵੇਜ਼ਾਂ ਅਤੇ ਹੋਰ ਸੰਚਾਰਾਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਭਾਗੀਦਾਰਾਂ ਅਤੇ ਬਿਨੈਕਾਰਾਂ ਨੂੰ ਢੁੱਕਵੀਂ ਭਾਸ਼ਾਵਾਂ ਵਿੱਚ ਉਪਲਬਧ ਜਾਣਕਾਰੀ ਦੁਆਰਾ NDIS ਦੀ ਵਧੇਰੇ ਸਮਝ ਹੈ।

*ਤਰੱਕੀ ਮਾਪਕ*

CALD ਪਿਛੋਕੜ ਵਾਲੇ ਭਾਗੀਦਾਰਾਂ ਅਤੇ ਬਿਨੈਕਾਰਾਂ ਨੇ ਆਪਣੀ ਪਸੰਦੀਦਾ ਭਾਸ਼ਾ ਵਿੱਚ NDIS ਬਾਰੇ ਜਾਣਕਾਰੀ ਤੱਕ ਪਹੁੰਚ ਕਰਨ ਦੀ ਸਮਰੱਥਾ ਵਿੱਚ ਵਾਧਾ ਕੀਤਾ ਹੈ।

## ਟੀਚਾ 7

CALD ਭਾਈਚਾਰਿਆਂ ਅਤੇ ਪ੍ਰਦਾਤਾਵਾਂ ਨੂੰ ਦੁਭਾਸ਼ੀਆ ਸੇਵਾਵਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ, ਅਤੇ ਉਹ ਇਹਨਾਂ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ ਅਤੇ ਇਹਨਾਂ ਸੇਵਾਵਾਂ ਦੇ ਨਾਲ ਅਨੁਭਵ ਵਿੱਚ ਸੁਧਾਰ ਹੁੰਦਾ ਹੈ।

## ਕਾਰਵਾਈ 16

CALD ਭਾਗੀਦਾਰਾਂ, ਪ੍ਰਦਾਤਾਵਾਂ ਅਤੇ ਟ੍ਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸਿਜ਼ (TIS) ਨੂੰ NDIS ਨਾਲ ਸੰਬੰਧਿਤ ਵਿਸ਼ੇਸ਼ ਸ਼ਬਦਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਸੰਚਾਰ ਕਰਨ ਲਈ ਹੋਰ ਭਾਸ਼ਾਵਾਂ ਵਿੱਚ NDIS-ਵਿਸ਼ੇਸ਼ ਸ਼ਬਦਾਂ ਦੀਆਂ ਸਪਸ਼ਟ ਪਰਿਭਾਸ਼ਾਵਾਂ ਵਿਕਸਿਤ ਅਤੇ ਪ੍ਰਕਾਸ਼ਿਤ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

NDIS-ਵਿਸ਼ੇਸ਼ ਸ਼ਬਦਾਂ ਦਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਅਤੇ ਇਹ CALD ਭਾਗੀਦਾਰਾਂ, ਪ੍ਰਦਾਤਾਵਾਂ ਅਤੇ TIS ਨੂੰ NDIS-ਵਿਸ਼ੇਸ਼ ਸ਼ਬਦਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਗੱਲਬਾਤ ਕਰਨ ਵਿੱਚ ਮੱਦਦ ਕਰਦਾ ਹੈ।

*ਤਰੱਕੀ ਮਾਪਕ*

TIS ਦੁਭਾਸ਼ੀਏ ਦੁਆਰਾ ਐਕਸੈਸ ਕੀਤੇ ਗਏ NDIS ਅਤੇ ਅਪੰਗਤਾ-ਵਿਸ਼ੇਸ਼ ਸਰੋਤਾਂ ਵਿੱਚ ਵਾਧਾ।

### ਦਰਮਿਆਨੀ ਮਿਆਦ ਦਾ

*ਨਤੀਜਾ*

TIS ਦੁਭਾਸ਼ੀਆ ਦੀ ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰਕ ਸੈਟਿੰਗਾਂ ਵਿੱਚ NDIS-ਵਿਸ਼ੇਸ਼ ਸ਼ਬਦਾਂ ਦੀ ਸਮਝ ਵਧੀ ਹੈ ਅਤੇ ਉਹਨਾਂ ਬਾਰੇ ਗੱਲਬਾਤ ਕਰ ਸਕਦੇ ਹਨ।

*ਤਰੱਕੀ ਮਾਪਕ*

TIS ਦੁਭਾਸ਼ੀਆ ਦੁਆਰਾ NDIS ਅਤੇ ਅਪੰਗਤਾ-ਵਿਸ਼ੇਸ਼ ਸਿਖਲਾਈ ਪੂਰੀ ਕਰਨ ਅਤੇ ਪਹੁੰਚ ਕੀਤੇ ਗਏ ਸਰੋਤਾਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ।

## ਕਾਰਵਾਈ 17

CALD ਭਾਈਚਾਰਿਆਂ, CALD ਭਾਗੀਦਾਰਾਂ ਅਤੇ ਪ੍ਰਦਾਤਾਵਾਂ ਲਈ ਇਸ ਬਾਰੇ ਪਹੁੰਚਯੋਗ ਜਾਣਕਾਰੀ ਵਿਕਸਿਤ ਕਰਨਾ ਅਤੇ ਦੇਣਾ ਕਿ TIS ਅਤੇ ਵਿਕਲਪਕ ਦੁਭਾਸ਼ੀਆ ਤੱਕ ਕਿਵੇਂ ਪਹੁੰਚ ਕਰਨੀ ਅਤੇ ਵਰਤਣਾ ਹੈ ਜਦੋਂ TIS ਦੁਭਾਸ਼ੀਏ ਉਪਲਬਧ ਨਹੀਂ ਹੁੰਦੇ ਹਨ।

### ਛੋਟੀ ਮਿਆਦ ਦੀ

*ਨਤੀਜਾ*

CALD ਭਾਈਚਾਰਿਆਂ, ਭਾਗੀਦਾਰਾਂ ਅਤੇ ਪ੍ਰਦਾਤਾਵਾਂ ਕੋਲ ਇਸ ਬਾਰੇ ਢੁੱਕਵੀਂ ਜਾਣਕਾਰੀ ਤੱਕ ਪਹੁੰਚ ਹੈ ਕਿ TIS ਅਤੇ ਵਿਕਲਪਕ ਦੁਭਾਸ਼ੀਆ ਤੱਕ ਕਿਵੇਂ ਪਹੁੰਚ ਕਰਨੀ ਅਤੇ ਵਰਤਣਾ ਹੈ ਜਦੋਂ TIS ਦੁਭਾਸ਼ੀਏ ਉਪਲਬਧ ਨਹੀਂ ਹੁੰਦੇ ਹਨ।

*ਤਰੱਕੀ ਮਾਪਕ*

TIS ਤੱਕ ਪਹੁੰਚ ਅਤੇ ਵਰਤੋਂ ਕਿਵੇਂ ਕਰੀਏ ਅਤੇ TIS ਦੁਭਾਸ਼ੀਏ ਉਪਲਬਧ ਨਾ ਹੋਣ 'ਤੇ ਵਿਕਲਪਕ ਦੁਭਾਸ਼ੀਏ ਤੱਕ ਕਿਵੇਂ ਪਹੁੰਚ ਕਰੀਏ, ਇਸ ਬਾਰੇ ਜਾਣਕਾਰੀ ਦਾ ਵਿਕਾਸ ਅਤੇ ਲਾਗੂ ਕਰਨ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਭਾਗੀਦਾਰ, NDIS ਸਟਾਫ਼, ਭਾਗੀਦਾਰ ਅਤੇ ਪ੍ਰਦਾਤਾ ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ (ਅਤੇ ਸਹੀ ਢੰਗ ਨਾਲ ਵਰਤੋਂ) ਕਰਦੇ ਹਨ।

*ਤਰੱਕੀ ਮਾਪਕ*

- CALD ਭਾਗੀਦਾਰਾਂ, NDIS ਸਟਾਫ਼, ਭਾਈਵਾਲਾਂ ਅਤੇ ਪ੍ਰਦਾਤਾਵਾਂ ਦੁਆਰਾ ਦੁਭਾਸ਼ੀਆ ਸੇਵਾਵਾਂ ਦੀ ਵਧੀ ਹੋਈ ਵਰਤੋਂ।
- CALD ਭਾਗੀਦਾਰਾਂ, NDIS ਸਟਾਫ਼, ਭਾਈਵਾਲਾਂ ਅਤੇ ਪ੍ਰਦਾਤਾਵਾਂ ਦਾ ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ ਕਰਨ ਦਾ ਬਿਹਤਰ ਅਨੁਭਵ।

## ਕਾਰਵਾਈ 18

ਗੱਲਬਾਤ ਦੀਆਂ ਪਹੁੰਚਾਂ ਨੂੰ ਬਿਹਤਰ ਬਣਾਉਣ ਲਈ (ਔਨਲਾਈਨ ਸਮੇਤ) ਦੁਭਾਸ਼ੀਆ ਨਾਲ NDIS ਮੀਟਿੰਗਾਂ ਲਈ ਪ੍ਰਕਿਰਿਆਵਾਂ ਦੀ ਸਮੀਖਿਆ ਅਤੇ ਅੱਪਡੇਟ ਕਰਨਾ, ਜਿਸ ਵਿੱਚ ਲੰਬੀਆਂ ਮੀਟਿੰਗਾਂ ਲਈ ਵਿਕਲਪ, ਲੋੜੀਂਦੇ ਹੁਨਰਾਂ, ਗਿਆਨ ਅਤੇ ਅਨੁਭਵ ਵਾਲੇ ਲੋੜੀਂਦੇ ਜਾਂ ਤਰਜੀਹੀ ਦੁਭਾਸ਼ੀਏ, ਅਤੇ ਵਿਅਕਤੀਗਤ ਤੌਰ 'ਤੇ ਦੁਭਾਸ਼ੀਆ ਸੇਵਾਵਾਂ ਸ਼ਾਮਲ ਹਨ।

### ਛੋਟੀ ਮਿਆਦ ਦੀ

*ਨਤੀਜਾ*

NDIS ਸਟਾਫ਼ ਅਤੇ ਭਾਈਵਾਲਾਂ ਕੋਲ CALD ਭਾਗੀਦਾਰਾਂ ਨਾਲ ਗੱਲਬਾਤ ਨੂੰ ਬਿਹਤਰ ਬਣਾਉਣ ਲਈ ਦੁਭਾਸ਼ੀਏ ਨਾਲ ਮੀਟਿੰਗਾਂ ਦੀ ਯੋਜਨਾ ਬਣਾਉਣ ਲਈ ਅੱਪਡੇਟ ਕੀਤੀਆਂ ਪ੍ਰਕਿਰਿਆਵਾਂ ਤੱਕ ਪਹੁੰਚ ਅਤੇ ਸਮਝ ਹੈ।

*ਤਰੱਕੀ ਮਾਪਕ*

- ਦੁਭਾਸ਼ੀਆ ਨਾਲ NDIS ਮੀਟਿੰਗਾਂ ਲਈ ਪ੍ਰਕਿਰਿਆਵਾਂ ਦੀ ਸਮੀਖਿਆ ਕੀਤੀ ਗਈ ਹੈ ਅਤੇ ਪ੍ਰਭਾਵੀ ਸੰਚਾਰ ਨੂੰ ਬਿਹਤਰ ਬਣਾਉਣ ਲਈ ਅਪਡੇਟ ਕੀਤਾ ਗਿਆ ਹੈ।
- NDIS ਮੀਟਿੰਗਾਂ ਲਈ ਬੁੱਕ ਕੀਤੇ ਗਏ ਦੁਭਾਸ਼ੀਆ ਦੀ ਗਿਣਤੀ ਅਤੇ ਪ੍ਰਤੀਸ਼ਤਤਾ, ਜਿਸ ਵਿੱਚ ਵਿਸਥਾਰਤ ਮੀਟਿੰਗਾਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ (ਦੁਭਾਸ਼ੀਏ ਦੀ ਵਰਤੋਂ ਕਰਦੇ ਸਮੇਂ) ਸ਼ਾਮਿਲ ਹੈ, ਮੀਟਿੰਗਾਂ ਜਿੱਥੇ ਲੋੜੀਂਦੇ ਜਾਂ ਤਰਜੀਹੀ ਦੁਭਾਸ਼ੀਏ ਵਰਤੇ ਜਾਂਦੇ ਹਨ ਅਤੇ ਵਿਅਕਤੀਗਤ ਤੌਰ 'ਤੇ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ।

## ਦਰਮਿਆਨੀ ਮਿਆਦ ਦਾ

*ਨਤੀਜਾ*

(ਔਨਲਾਈਨ ਦੁਭਾਸ਼ੀਏ ਸਮੇਤ) ਦੁਭਾਸ਼ੀਆ ਨੂੰ ਸ਼ਾਮਿਲ ਕਰਨ ਵਾਲੀਆਂ ਯੋਜਨਾਬੰਦੀ ਅਤੇ ਯੋਜਨਾ ਸਮੀਖਿਆ ਮੀਟਿੰਗਾਂ, CALD ਭਾਗੀਦਾਰਾਂ ਦੀਆਂ ਲੋੜਾਂ ਅਤੇ ਤਰਜੀਹਾਂ ਨੂੰ ਉਚਿਤ ਢੰਗ ਨਾਲ ਪੂਰਾ ਕਰਦੀਆਂ ਹਨ।

*ਤਰੱਕੀ ਮਾਪਕ*

- CALD ਭਾਗੀਦਾਰ NDIS ਮੀਟਿੰਗਾਂ ਵਿੱਚ ਦੁਭਾਸ਼ੀਆ ਸੇਵਾਵਾਂ ਦੇ ਨਾਲ ਬਿਹਤਰ ਅਨੁਭਵਾਂ ਦੀ ਰਿਪੋਰਟ ਕਰਦੇ ਹਨ।
- NDIS ਮੀਟਿੰਗਾਂ ਲਈ ਬੁੱਕ ਕੀਤੇ ਗਏ ਦੁਭਾਸ਼ੀਆ ਦੀ ਗਿਣਤੀ ਅਤੇ ਪ੍ਰਤੀਸ਼ਤਤਾ, ਜਿਸ ਵਿੱਚ ਵਿਸਥਾਰਤ ਮੀਟਿੰਗਾਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ (ਦੁਭਾਸ਼ੀਏ ਦੀ ਵਰਤੋਂ ਕਰਦੇ ਸਮੇਂ) ਸ਼ਾਮਿਲ ਹੈ, ਮੀਟਿੰਗਾਂ ਜਿੱਥੇ ਲੋੜੀਂਦੇ ਜਾਂ ਤਰਜੀਹੀ ਦੁਭਾਸ਼ੀਏ ਵਰਤੇ ਜਾਂਦੇ ਹਨ ਅਤੇ ਵਿਅਕਤੀਗਤ ਤੌਰ 'ਤੇ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ।

# 4. ਬਾਜ਼ਾਰ

## ਟੀਚਾ 8

NDIS ਦੀ ਵਰਤੋਂ ਕਰਨ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਆਂ ਸੇਵਾਵਾਂ ਤੱਕ ਪਹੁੰਚ ਕਰਨ ਬਾਰੇ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ CALD ਭਾਈਚਾਰਿਆਂ ਅਤੇ ਭਾਗੀਦਾਰਾਂ ਨੂੰ ਸੰਚਾਰਿਤ ਕੀਤੀ ਜਾਂਦੀ ਹੈ।

## ਕਾਰਵਾਈ 19

NDIS ਪ੍ਰਦਾਤਾਵਾਂ ਨਾਲ ਜਾਣਕਾਰੀ ਵਿਕਸਿਤ ਕਰਨ ਅਤੇ ਸਾਂਝੀ ਕਰਨ ਲਈ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਨਾ। ਪ੍ਰਦਾਤਾਵਾਂ ਨਾਲ ਉਹਨਾਂ ਦੇ ਸਥਾਨਕ ਭਾਈਚਾਰੇ ਬਾਰੇ ਉਹਨਾਂ ਦੀ ਸਮਝ ਨੂੰ ਵਧਾਉਣ ਲਈ ਜੁੜਨਾ। CALD ਭਾਈਚਾਰਿਆਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਂ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਉਹਨਾਂ ਦੀ ਉਮੀਦ ਬਾਰੇ ਵਿਆਖਿਆ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

ਫੋਕਸਡ ਮਾਰਕੀਟ ਜਾਣਕਾਰੀ NDIS ਪ੍ਰਦਾਤਾਵਾਂ ਨੂੰ CALD ਭਾਈਚਾਰਿਆਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਆਂ ਸਹਾਇਤਾਵਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਬਾਰੇ ਆਪਣੀ ਸਮਝ ਨੂੰ ਵਧਾਉਣ ਦੇ ਯੋਗ ਬਣਾਉਂਦੀ ਹੈ।

*ਤਰੱਕੀ ਮਾਪਕ*

ਸੱਭਿਆਚਾਰਕ ਸੁਰੱਖਿਆ ਅਤੇ ਸੇਵਾ ਨੂੰ ਬਿਹਤਰ ਬਣਾਉਣ ਲਈ NDIS ਪ੍ਰਦਾਤਾਵਾਂ ਨਾਲ ਜਾਣਕਾਰੀ ਸਾਂਝੀ ਕਰਨ ਅਤੇ ਸ਼ਮੂਲੀਅਤ ਕਰਨ ਦੀਆਂ ਗਤੀਵਿਧੀਆਂ ਵਿਕਸਿਤ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ।

### ਦਰਮਿਆਨੀ ਮਿਆਦ ਦਾ

*ਨਤੀਜਾ*

ਸੇਵਾ ਪ੍ਰਦਾਤਾਵਾਂ ਨੇ CALD ਭਾਈਚਾਰਿਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੀਆਂ ਸਹਾਇਤਾਵਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਸਮਝ ਅਤੇ ਸਮਰੱਥਾ ਨੂੰ ਵਧਾਇਆ ਹੈ।

*ਤਰੱਕੀ ਮਾਪਕ*

ਜਾਣਕਾਰੀ ਦੀ ਪ੍ਰਭਾਵਸ਼ੀਲਤਾ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੇਂ ਸਮਰਥਨ ਦੀ ਸਮਝ ਨੂੰ ਵਧਾਉਣ ਲਈ ਸੇਵਾ ਪ੍ਰਦਾਤਾਵਾਂ ਤੋਂ ਫੀਡਬੈਕ।

## ਕਾਰਵਾਈ 20

ਚੋਣ ਅਤੇ ਨਿਯੰਤਰਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਮਾਰਕੀਟਿੰਗ ਮੁਹਿੰਮ ਅਤੇ ਨਿਰੰਤਰ ਸੰਚਾਰ ਵਿਕਸਿਤ ਕਰਨ ਲਈ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਨਾ। ਇਸ ਵਿੱਚ ਇਹ ਸ਼ਾਮਲ ਹੈ ਕਿ ਕਿਵੇਂ CALD ਭਾਗੀਦਾਰ ਪ੍ਰਦਾਤਾਵਾਂ ਦੀ ਚੋਣ ਕਰ ਸਕਦੇ ਹਨ, ਪ੍ਰਦਾਤਾ ਬਦਲ ਸਕਦੇ ਹਨ, ਸੁਰੱਖਿਆ ਉਪਾਅ ਬਣਾ ਸਕਦੇ ਹਨ ਅਤੇ ਸ਼ਿਕਾਇਤਾਂ ਕਰ ਸਕਦੇ ਹਨ।

### ਛੋਟੀ ਮਿਆਦ ਦੀ

*ਨਤੀਜਾ*

ਇੱਕ ਢੁੱਕਵੀਂ ਮਾਰਕੀਟਿੰਗ ਮੁਹਿੰਮ ਚੋਣ ਅਤੇ ਨਿਯੰਤਰਣ ਬਾਰੇ ਜਾਗਰੂਕਤਾ ਪੈਦਾ ਕਰਦੀ ਹੈ ਅਤੇ NDIS ਪ੍ਰਦਾਤਾਵਾਂ ਦੀ ਚੋਣ ਕਰਦੇ ਸਮੇਂ CALD ਭਾਗੀਦਾਰਾਂ ਦੀ ਸਮਰੱਥਾ ਨੂੰ ਵਧਾਉਂਦੀ ਹੈ, ਜਿਸ ਵਿੱਚ ਪ੍ਰਦਾਤਾ ਬਦਲਣ, ਸੁਰੱਖਿਆ ਅਤੇ ਸ਼ਿਕਾਇਤਾਂ ਕਰਨ ਬਾਰੇ ਮਾਰਗਦਰਸ਼ਨ ਸ਼ਾਮਲ ਹੈ।

*ਤਰੱਕੀ ਮਾਪਕ*

ਇੱਕ ਢੁੱਕਵੀਂ ਮਾਰਕੀਟਿੰਗ ਮੁਹਿੰਮ ਦਾ ਵਿਕਾਸ ਅਤੇ ਲਾਗੂ ਕਰਨ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਭਾਗੀਦਾਰਾਂ ਨੇ NDIS ਪ੍ਰਦਾਤਾਵਾਂ ਦਾ ਮੁਲਾਂਕਣ ਕਰਦੇ ਸਮੇਂ ਆਪਣੀ ਚੋਣ ਅਤੇ ਨਿਯੰਤਰਣ ਦੇ ਅਧਿਕਾਰ ਅਤੇ ਸਮਰੱਥਾ ਵਿੱਚ ਸੁਧਾਰ ਕੀਤਾ ਹੈ।

*ਤਰੱਕੀ ਮਾਪਕ*

CALD ਭਾਗੀਦਾਰਾਂ ਨੇ ਆਪਣੇ ਅਧਿਕਾਰਾਂ, ਪ੍ਰਦਾਤਾਵਾਂ ਨੂੰ ਕਿਵੇਂ ਬਦਲਣਾ ਹੈ, ਸੰਭਾਵੀ ਸ਼ੋਸ਼ਣ ਦੇ ਜ਼ੋਖਮਾਂ ਅਤੇ ਸ਼ਿਕਾਇਤ ਕਿਵੇਂ ਕਰਨੀ ਹੈ, ਬਾਰੇ ਵਧੀ ਹੋਈ ਸਮਝ ਦੀ ਰਿਪੋਰਟ ਕੀਤੀ ਹੈ।

## ਕਾਰਵਾਈ 21

NDIS ਕਮਿਸ਼ਨ ਨਾਲ ਕੰਮ ਕਰਨ ਦੇ ਤਰੀਕਿਆਂ ਦੇ ਘੱਟੋ-ਘੱਟ ਮਾਪਦੰਡਾਂ ਨੂੰ ਵਿਕਸਿਤ ਕਰਨ ਲਈ ਸ਼ਾਮਲ ਹੋਣਾ ਜਿਨ੍ਹਾਂ ਦਾ ਪ੍ਰਦਾਤਾਵਾਂ ਨੂੰ ਪਾਲਣ ਕਰਨ ਦੀ ਲੋੜ ਹੁੰਦੀ ਹੈ, ਨਾਲ ਹੀ ਗੁਣਵੱਤਾ ਦੇ ਅਜਿਹੇ ਮਾਪ ਵਿਕਸਿਤ ਕਰਨ ਲਈ ਸ਼ਾਮਲ ਹੋਣਾ ਜੋ ਇਹ ਦੱਸਦੇ ਹਨ ਕਿ ਸੱਭਿਆਚਾਰਕ ਤੌਰ 'ਤੇ ਢੁੱਕਵੀਂਆਂ ਸੇਵਾਵਾਂ ਕਿਹੋ ਜਿਹੀਆਂ ਦਿਖਾਈ ਦਿੰਦੀਆਂ ਹਨ। ਇਹ ਕੰਮ ਕਰਨ ਦੇ ਤਰੀਕਿਆਂ ਦੇ ਮਾਪਦੰਡ ਅਤੇ ਗੁਣਵੱਤਾ ਦੇ ਮਾਪਦੰਡ ਫਿਰ ਸਪਸ਼ਟ ਤੌਰ 'ਤੇ CALD ਭਾਗੀਦਾਰਾਂ ਅਤੇ ਪ੍ਰਦਾਤਾਵਾਂ ਨੂੰ ਸੂਚਿਤ ਕੀਤੇ ਜਾਂਦੇ ਹਨ।

**ਛੋਟੀ ਮਿਆਦ ਦੀ**

*ਨਤੀਜਾ*

ਕੰਮ ਕਰਨ ਦੇ ਤਰੀਕਿਆਂ ਦੇ ਮਾਪਦੰਡ ਅਤੇ ਗੁਣਵੱਤਾ ਮਾਪਕ ਪ੍ਰਦਾਤਾਵਾਂ ਨੂੰ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ, ਸਦਮੇ-ਸੂਚਿਤ, ਅਤੇ ਸੁਰੱਖਿਅਤ ਸੇਵਾਵਾਂ ਦੀ ਪੇਸ਼ਕਸ਼ ਕਰਨ ਲਈ ਸ਼ਾਮਲ ਕਰਦੇ ਹਨ।

*ਤਰੱਕੀ ਮਾਪਕ*

ਪ੍ਰਦਾਤਾਵਾਂ ਅਤੇ CALD ਭਾਗੀਦਾਰਾਂ ਲਈ ਕੰਮ ਕਰਨ ਦੇ ਤਰੀਕਿਆਂ ਦੇ ਮਿਆਰਾਂ ਅਤੇ ਗੁਣਵੱਤਾ ਉਪਾਵਾਂ ਦਾ ਵਿਕਾਸ, ਲਾਗੂ ਕਰਨ ਅਤੇ ਸੰਚਾਰ।

**ਦਰਮਿਆਨੀ ਮਿਆਦ ਦਾ**

*ਨਤੀਜਾ*

ਪ੍ਰਦਾਤਾਵਾਂ ਕੋਲ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ, ਸਦਮਾ-ਸੂਚਿਤ, ਅਤੇ ਸੁਰੱਖਿਅਤ ਸੇਵਾਵਾਂ ਪ੍ਰਦਾਨ ਕਰਨ ਦੀ ਸਮਰੱਥਾ ਹੈ।

*ਤਰੱਕੀ ਮਾਪਕ*

- ਸੇਵਾ ਪ੍ਰਦਾਤਾਵਾਂ ਦੀ ਗਿਣਤੀ ਅਤੇ ਪ੍ਰਤੀਸ਼ਤ ਜੋ ਕੰਮ ਕਰਨ ਦੇ ਤਰੀਕਿਆਂ ਦੇ ਮਿਆਰਾਂ ਅਤੇ ਗੁਣਵੱਤਾ ਦੇ ਮਾਪਾਂ ਦੇ ਅਨੁਸਾਰ ਹਨ।
- ਕੰਮ ਕਰਨ ਦੇ ਤਰੀਕਿਆਂ ਦੇ ਮਿਆਰਾਂ ਅਤੇ ਗੁਣਵੱਤਾ ਮਾਪਾਂ ਦੀ ਪ੍ਰਭਾਵਸ਼ੀਲਤਾ 'ਤੇ ਸੇਵਾ ਪ੍ਰਦਾਤਾਵਾਂ ਅਤੇ CALD ਭਾਗੀਦਾਰਾਂ ਤੋਂ ਫੀਡਬੈਕ।
- CALD ਭਾਗੀਦਾਰਾਂ ਨੂੰ ਸੇਵਾ ਪ੍ਰਦਾਤਾਵਾਂ ਲਈ ਕੰਮ ਕਰਨ ਦੇ ਤਰੀਕਿਆਂ ਦੇ ਮਿਆਰਾਂ ਅਤੇ ਗੁਣਵੱਤਾ ਮਾਪਾਂ ਨੂੰ ਉਤਸ਼ਾਹਿਤ ਕਰਨ ਲਈ ਵਰਤੀਆਂ ਜਾਂਦੀਆਂ ਸੰਚਾਰ ਰਣਨੀਤੀਆਂ ਦੀ ਪ੍ਰਭਾਵਸ਼ੀਲਤਾ।

## ਟੀਚਾ 9

ਇੱਥੇ ਵਧੇਰੇ NDIS ਪ੍ਰਦਾਤਾ ਹਨ ਜੋ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਸੱਭਿਆਚਾਰਕ ਤੌਰ 'ਤੇ ਢੁੱਕਵੀਆਂ, ਜਵਾਬਦੇਹ ਅਤੇ ਸੁਰੱਖਿਅਤ ਹਨ।

## ਕਾਰਵਾਈ 22

CALD ਭਾਈਚਾਰਕ ਸੰਸਥਾਵਾਂ ਨੂੰ ਅਪੰਗਤਾ ਸਹਾਇਤਾਵਾਂ (ਸਹਿਯੋਗ ਤਾਲਮੇਲ ਅਤੇ ਸਿੱਧੀ ਦੇਖਭਾਲ ਸਮੇਤ) ਪ੍ਰਦਾਨ ਕਰਨ ਵਿੱਚ ਪੇਸ਼ ਆਉਂਦੀਆਂ ਚੁਣੌਤੀਆਂ ਅਤੇ ਰੁਕਾਵਟਾਂ ਦੀ ਪਛਾਣ ਕਰਨਾ। ਇਹਨਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਰਕਾਰੀ ਏਜੰਸੀਆਂ ਅਤੇ ਸੈਕਟਰ ਨਾਲ ਮਿਲਕੇ ਕੰਮ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

CALD ਭਾਈਚਾਰਕ ਸੰਸਥਾਵਾਂ ਕੋਲ ਅਪੰਗਤਾ ਸਹਾਇਤਾ (ਸਹਾਇਤਾ ਤਾਲਮੇਲ ਅਤੇ ਸਿੱਧੀ ਦੇਖਭਾਲ ਸਮੇਤ) ਪ੍ਰਦਾਨ ਕਰਨ ਲਈ ਵਧੇਰੇ ਮੌਕੇ ਅਤੇ ਸਹਾਇਤਾ ਉਪਲਬਧ ਹੈ।

*ਤਰੱਕੀ ਮਾਪਕ*

CALD ਭਾਈਚਾਰਕ ਸੰਸਥਾਵਾਂ ਦੁਆਰਾ ਅਪੰਗਤਾ ਸਹਾਇਤਾ ਨੂੰ ਪ੍ਰਦਾਨ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਨ ਵਾਲੀਆਂ ਰੁਕਾਵਟਾਂ ਦੀ ਪਛਾਣ ਅਤੇ ਸੰਚਾਰ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਭਾਈਚਾਰਕ ਸੰਸਥਾਵਾਂ ਕੋਲ ਅਪੰਗਤਾ ਸਹਾਇਤਾ ਪ੍ਰਦਾਨ ਕਰਨ ਲਈ NDIS ਮਾਰਕੀਟ ਵਿੱਚ ਦਾਖਲ ਹੋਣ ਦੀ ਯੋਗਤਾ ਅਤੇ ਸਮਰੱਥਾ ਹੈ।

*ਤਰੱਕੀ ਮਾਪਕ*

CALD ਭਾਈਚਾਰਕ ਸੰਸਥਾਵਾਂ ਦੀ ਅਪੰਗਤਾ ਸਹਾਇਤਾ ਪ੍ਰਦਾਨ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰਨ ਵਾਲੀਆਂ ਪਛਾਣ ਹੋਈਆਂ ਰੁਕਾਵਟਾਂ ਨੂੰ ਘਟਾਉਣ ਲਈ ਕੀਤੀਆਂ ਗਈਆਂ ਕਾਰਵਾਈਆਂ (ਅਤੇ ਇਹਨਾਂ ਕਾਰਵਾਈਆਂ ਦੀ ਪ੍ਰਭਾਵਸ਼ੀਲਤਾ)।

## ਕਾਰਵਾਈ 23

ਇਸ ਬਾਰੇ ਸਰਕਾਰੀ ਏਜੰਸੀਆਂ ਅਤੇ ਹੋਰ ਭਾਗੀਦਾਰਾਂ ਨਾਲ ਕੰਮ ਕਰਨਾ ਕਿ NDIS ਅਤੇ ਅਪੰਗਤਾ ਦੇ ਅਧਿਕਾਰਾਂ ਨੂੰ ਸਮਝਣ ਵਾਲੇ ਨੈਸ਼ਨਲ ਐਕਰੀਡੀਟੇਸ਼ਨ ਅਥਾਰਟੀ ਫਾਰ ਟ੍ਰਾਂਸਲੇਟਰਜ਼ ਐਂਡ ਇੰਟਰਪ੍ਰੇਟਰਜ਼ (NAATI) ਦੁਆਰਾ ਪ੍ਰਮਾਣਿਤ ਦੁਭਾਸ਼ੀਆ ਦੀ ਗਿਣਤੀ ਨੂੰ ਕਿਵੇਂ ਵਧਾਉਣਾ ਹੈ।

### ਛੋਟੀ ਮਿਆਦ ਦੀ

*ਨਤੀਜਾ*

ਸਰਕਾਰੀ ਏਜੰਸੀਆਂ ਅਤੇ ਹੋਰ ਸੰਬੰਧਿਤ ਭਾਗੀਦਾਰ NDIS ਅਤੇ ਅਪੰਗਤਾ ਅਧਿਕਾਰਾਂ ਨੂੰ ਸਮਝਣ ਵਾਲੇ ਗੁਣਵੱਤਾ ਨਿਪੁੰਨ ਦੁਭਾਸ਼ੀਆ ਦੀ ਗਿਣਤੀ ਵਧਾਉਣ ਲਈ ਪਹਿਲਕਦਮੀਆਂ ਲਈ ਸਹਿਯੋਗ ਕਰਦੇ ਹਨ ਅਤੇ ਵਕਾਲਤ ਕਰਦੇ ਹਨ।

*ਤਰੱਕੀ ਮਾਪਕ*

ਸਰਕਾਰੀ ਏਜੰਸੀਆਂ ਅਤੇ ਹਿੱਤਧਾਰਕਾਂ ਦੇ ਨਾਲ ਵਿਕਸਿਤ ਅਤੇ ਪੂਰੀਆਂ ਕੀਤੀਆਂ ਢੁੱਕਵੀਆਂ ਸ਼ਮੂਲੀਅਤ ਗਤੀਵਿਧੀਆਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ।

### ਦਰਮਿਆਨੀ ਮਿਆਦ ਦਾ

*ਨਤੀਜੇ*

- ਗੁਣਵੱਤਾ ਦੁਭਾਸ਼ੀਆ ਦੀ ਵਧੀ ਹੋਈ ਉਪਲਬਧਤਾ, ਜੋ NDIS ਨਾਲ CALD ਭਾਗੀਦਾਰਾਂ ਅਤੇ ਉਹਨਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਦੇ ਹਨ।
- ਨਵੇਂ ਅਤੇ ਮੌਜੂਦਾ ਦੁਭਾਸ਼ੀਆ ਵਿੱਚ NDIS ਅਤੇ ਅਪੰਗਤਾ ਅਧਿਕਾਰਾਂ ਦੀ ਵਧੀ ਹੋਈ ਸਮਝ।

*ਤਰੱਕੀ ਮਾਪਕ*

- ਸਹਿਯੋਗ ਜਾਂ ਵਕਾਲਤ ਕੀਤੀਆਂ ਉਚਿਤ ਪਹਿਲਕਦਮੀਆਂ (ਮੌਜੂਦਾ ਅਤੇ ਯੋਜਨਾਬੱਧ) ਦੀ ਗਿਣਤੀ ਅਤੇ ਪ੍ਰਤੀਸ਼ਤਤਾ
- CALD ਭਾਗੀਦਾਰਾਂ ਨੂੰ NDIS ਨਾਲ ਉਹਨਾਂ ਦੀ ਸ਼ਮੂਲੀਅਤ ਵਿੱਚ ਸਹਾਇਤਾ ਕਰਨ ਲਈ ਉਪਲਬਧ NAATI-ਪ੍ਰਮਾਣਿਤ ਦੁਭਾਸ਼ੀਆ (ਭਾਸ਼ਾ ਦੁਆਰਾ) ਦੀ ਗਿਣਤੀ ਅਤੇ ਪ੍ਰਤੀਸ਼ਤਤਾ।

# 5. ਡੇਟਾ

## ਟੀਚਾ 10

NDIA 'CALD' ਦੀ ਇੱਕ ਸਹਿ-ਡਿਜ਼ਾਈਨ ਕੀਤੀ ਅਤੇ ਸਹਿਮਤੀ ਵਾਲੀ ਪਰਿਭਾਸ਼ਾ ਦੀ ਵਰਤੋਂ ਕਰਦਾ ਹੈ ਜੋ ਸਹੀ ਅਤੇ ਉਪਯੋਗੀ ਡੇਟਾ ਇਕੱਠਾ ਕਰਨ ਦਾ ਸਮਰਥਨ ਕਰਦੀ ਹੈ।

## ਕਾਰਵਾਈ 24

CALD ਦੀ ਵਧੇਰੇ ਸ਼ਮੂਲੀਅਤ ਭਰੀ ਪਰਿਭਾਸ਼ਾ ਨੂੰ ਵਿਕਸਿਤ ਅਤੇ ਪ੍ਰਕਾਸ਼ਿਤ ਕਰਨ ਲਈ, CALD ਭਾਈਚਾਰਿਆਂ ਅਤੇ ਸਰਕਾਰੀ ਏਜੰਸੀਆਂ ਨਾਲ ਕੰਮ ਕਰਨਾ ਜੋ ਸੱਭਿਆਚਾਰਕ ਅਤੇ ਭਾਸ਼ਾਈ ਵਿਰੋਧਤਾਵਾਂ ਨੂੰ ਮਾਨਤਾ ਦਿੰਦੀ ਹੈ। ਇਸ ਪਰਿਭਾਸ਼ਾ ਦੇ ਨਾਲ ਇਕਸਾਰ ਹੋਣ ਲਈ NDIA ਡਾਟਾ ਇਕੱਤਰ ਕਰਨ ਦੇ ਤਰੀਕਿਆਂ ਨੂੰ ਅੱਪਡੇਟ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

NDIA ਦੁਆਰਾ CALD ਦੀ ਵਧੇਰੇ ਸ਼ਮੂਲੀਅਤ ਵਾਲੀ ਪਰਿਭਾਸ਼ਾ ਵਰਤੀ ਜਾਂਦੀ ਹੈ ਜੋ ਸੱਭਿਆਚਾਰਕ ਅਤੇ ਭਾਸ਼ਾਈ ਵਿਰੋਧਤਾਵਾਂ ਦੀ ਬਿਹਤਰ ਢੰਗ ਨਾਲ ਪਛਾਣ ਕਰਦੀ ਹੈ।

*ਤਰੱਕੀ ਮਾਪਕ*

- CALD ਦੀ ਨਵੀਂ ਪਰਿਭਾਸ਼ਾ ਦਾ ਵਿਕਾਸ ਅਤੇ ਪ੍ਰਕਾਸ਼ਨ।
- CALD ਦੀ ਨਵੀਂ ਪਰਿਭਾਸ਼ਾ ਦੀ ਸ਼ਮੂਲੀਅਤ ਅਤੇ ਪ੍ਰਭਾਵਸ਼ੀਲਤਾ 'ਤੇ CALD ਭਾਈਚਾਰਿਆਂ ਅਤੇ ਸੈਕਟਰ ਤੋਂ ਫੀਡਬੈਕ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਭਾਈਚਾਰੇ ਅਤੇ ਭਾਗੀਦਾਰ NDIA ਦੁਆਰਾ ਵਰਤੀ ਜਾਂਦੀ CALD ਦੀ ਵਧੇਰੇ ਸ਼ਮੂਲੀਅਤ ਵਾਲੀ ਪਰਿਭਾਸ਼ਾ ਨਾਲ ਜੁੜਨ ਅਤੇ ਪਛਾਣ ਕਰਨ ਦੇ ਯੋਗ ਹਨ।

*ਤਰੱਕੀ ਮਾਪਕ*

CALD ਦੀ ਇੱਕ ਨਵੀਂ ਪਰਿਭਾਸ਼ਾ ਦੀ ਵਰਤੋਂ ਦੁਆਰਾ CALD ਭਾਗੀਦਾਰਾਂ ਲਈ ਡੇਟਾ ਇਕੱਤਰ ਕਰਨ ਦੀ ਸ਼ੁੱਧਤਾ ਅਤੇ ਗੁਣਵੱਤਾ ਅਤੇ ਸੂਝ ਵਿੱਚ ਵਾਧਾ।

## ਟੀਚਾ 11

ਡੇਟਾ ਅਤੇ ਸਬੂਤ-ਆਧਾਰਿਤ ਫ਼ੈਸਲੇ ਲੈਣ ਦੀ ਵਰਤੋਂ NDIA ਅਤੇ ਭਾਗੀਦਾਰਾਂ ਦੁਆਰਾ CALD ਭਾਗੀਦਾਰਾਂ ਲਈ ਸੇਵਾਵਾਂ, ਅਨੁਭਵਾਂ ਅਤੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਂਦੀ ਹੈ।

## ਕਾਰਵਾਈ 25

NDIS ਸਟਾਫ਼, ਭਾਈਵਾਲਾਂ ਅਤੇ ਸੈਕਟਰ ਨੂੰ ਬਿਹਤਰ ਸਬੂਤ-ਆਧਾਰਿਤ ਫ਼ੈਸਲੇ ਲੈਣ ਦੇ ਯੋਗ ਬਣਾਉਣ ਲਈ CALD ਪਿਛੋਕੜ ਵਾਲੇ ਭਾਗੀਦਾਰਾਂ 'ਤੇ ਨਵੇਂ ਡੇਟਾ ਦੀ ਖੋਜ ਕਰਨਾ, ਪਛਾਣ ਕਰਨਾ ਅਤੇ ਪ੍ਰਕਾਸ਼ਿਤ ਕਰਨਾ।

### ਛੋਟੀ ਮਿਆਦ ਦੀ

*ਨਤੀਜਾ*

ਇੱਕ ਅੱਪਡੇਟ ਕੀਤੀ ਡੇਟਾ ਪ੍ਰਣਾਲੀ CALD ਭਾਗੀਦਾਰਾਂ ਤੋਂ ਢੁੱਕਵੇਂ ਡੇਟਾ ਨੂੰ ਇਕੱਠਾ ਕਰਨ ਅਤੇ ਸੂਝ ਦੀ ਇਜਾਜ਼ਤ ਦਿੰਦੀ ਹੈ।

*ਤਰੱਕੀ ਮਾਪਕ*

CALD ਭਾਗੀਦਾਰਾਂ ਦੇ ਸੰਬੰਧ ਵਿੱਚ ਸੰਬੰਧਿਤ ਅਤੇ ਢੁੱਕਵੇਂ ਡੇਟਾ ਨੂੰ ਇਕੱਠਾ ਕਰਨ ਲਈ ਇੱਕ ਅੱਪਡੇਟ ਡੇਟਾ ਪ੍ਰਣਾਲੀ ਦਾ ਵਿਕਾਸ।

### ਦਰਮਿਆਨੀ ਮਿਆਦ ਦਾ

*ਨਤੀਜਾ*

CALD ਪਿਛੋਕੜ ਵਾਲੇ ਭਾਗੀਦਾਰਾਂ ਤੋਂ ਨਵਾਂ ਡੇਟਾ ਅਤੇ ਸੂਝ NDIS ਸਟਾਫ਼, ਭਾਈਵਾਲਾਂ ਅਤੇ ਸੈਕਟਰ ਦੁਆਰਾ ਸਬੂਤ-ਆਧਾਰਿਤ ਫ਼ੈਸਲੇ ਲੈਣ ਵਿੱਚ ਮੱਦਦ ਕਰਦੀ ਹੈ।

*ਤਰੱਕੀ ਮਾਪਕ*

- NDIS ਸਟਾਫ਼, ਭਾਈਵਾਲਾਂ ਅਤੇ ਸੈਕਟਰ ਤੋਂ ਸਬੂਤ-ਆਧਾਰਿਤ ਫ਼ੈਸਲੇ ਲੈਣ ਲਈ ਪ੍ਰਕਾਸ਼ਿਤ CALD ਭਾਗੀਦਾਰ ਡੇਟਾ ਦੀ ਉਹਨਾਂ ਦੀ ਵਰਤੋਂ ਅਤੇ ਅਨੁਭਵ ਬਾਰੇ ਫੀਡਬੈਕ।
- CALD ਭਾਗੀਦਾਰਾਂ 'ਤੇ ਇਕੱਤਰ ਕੀਤੇ ਅਤੇ ਪ੍ਰਕਾਸ਼ਿਤ ਡੇਟਾ ਦੀ ਗੁਣਵੱਤਾ ਅਤੇ ਢੁੱਕਵੇਂਪਨ ਵਿੱਚ ਵਾਧਾ।

# 6. ਆਊਟਰੀਚ

## ਟੀਚਾ 12

CALD ਭਾਈਚਾਰਿਆਂ ਵਿੱਚ NDIS ਅਤੇ ਅਪੰਗਤਾ ਬਾਰੇ ਵਧੇਰੇ ਜਾਗਰੂਕਤਾ ਅਤੇ ਸਮਝ ਹੋਣਾ। ਇਸ ਵਿੱਚ NDIS ਤੱਕ ਪਹੁੰਚ ਕਰਨ ਵਿੱਚ ਆਉਂਦੀਆਂ ਰੁਕਾਵਟ ਦੇ ਰੂਪ ਵਿੱਚ NDIS ਯੋਗਤਾ, ਅਰਜ਼ੀ ਪ੍ਰਕਿਰਿਆ ਅਤੇ ਅਪੰਗਤਾ ਬਾਰੇ ਸੰਭਾਵੀ ਕਲੰਕ ਸ਼ਾਮਲ ਹਨ।

## ਕਾਰਵਾਈ 26

NDIS ਕਮਿਸ਼ਨ ਅਤੇ CALD ਭਾਈਚਾਰੇ ਦੇ ਨਾਲ ਮਿਲਕੇ ਕੰਮ ਕਰਨਾ ਤਾਂ ਜੋ ਟੀਚਾਗਤ CALD ਭਾਈਚਾਰਿਆਂ ਵਿੱਚ NDIS ਅਤੇ ਅਪੰਗਤਾ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਅਪੰਗਤਾ ਬਾਰੇ ਸੰਭਾਵੀ ਰੂੜ੍ਹੀਵਾਦੀ ਸੋਚ ਨੂੰ ਹੱਲ ਕਰਨ ਲਈ ਇੱਕ ਰਣਨੀਤੀ ਵਿਕਸਿਤ ਕੀਤੀ ਜਾ ਸਕੇ। ਇਸਨੂੰ ਹੋਰ ਭਾਸ਼ਾਵਾਂ ਵਿੱਚ ਉਪਲਬਧ ਜਾਣਕਾਰੀ ਦੇ ਨਾਲ-ਨਾਲ ਬਹੁਤ ਸਾਰੇ ਵੱਖ-ਵੱਖ ਸ਼ਮੂਲੀਅਤ ਵਾਲੇ ਚੈਨਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

### ਛੋਟੀ ਮਿਆਦ ਦੀ

*ਨਤੀਜਾ*

ਇੱਕ ਪ੍ਰਭਾਵਸ਼ਾਲੀ ਸ਼ਮੂਲੀਅਤ ਰਣਨੀਤੀ ਜੋ NDIS ਅਤੇ ਅਪੰਗਤਾ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਦੀ ਹੈ ਅਤੇ ਅਪੰਗਤਾ ਬਾਰੇ ਸੰਭਾਵੀ ਰੂੜ੍ਹੀਵਾਦੀ ਸੋਚ ਨੂੰ ਘਟਾਉਂਦੀ ਹੈ।

*ਤਰੱਕੀ ਮਾਪਕ*

ਸੱਭਿਆਚਾਰਕ ਤੌਰ 'ਤੇ ਢੁੱਕਵੀਂ ਸੰਚਾਰ ਸਮੱਗਰੀ ਸਮੇਤ ਸ਼ਮੂਲੀਅਤ ਦੀ ਰਣਨੀਤੀ ਦਾ ਵਿਕਾਸ ਅਤੇ ਡਿਲੀਵਰੀ।

### ਦਰਮਿਆਨੀ ਮਿਆਦ ਦਾ

*ਨਤੀਜਾ*

ਟੀਚਾਗਤ CALD ਭਾਈਚਾਰਿਆਂ ਨੂੰ NDIS ਅਤੇ ਅਪੰਗਤਾ ਅਧਿਕਾਰਾਂ ਦੀ ਵਧੇਰੇ ਸਮਝ ਹੈ।

*ਤਰੱਕੀ ਮਾਪਕ*

- NDIS ਵਿੱਚ ਟੀਚਾਗਤ CALD ਭਾਈਚਾਰਿਆਂ ਦੀ ਵਧੀ ਹੋਈ ਪਹੁੰਚ ਅਤੇ ਭਾਗੀਦਾਰੀ।
- NDIS, ਯੋਗਤਾ ਮਾਪਦੰਡ, ਅਰਜ਼ੀ ਪ੍ਰਕਿਰਿਆ, ਸਹਾਇਤਾ ਤੱਕ ਪਹੁੰਚ, ਅਤੇ ਟੀਚਾਗਤ CALD ਭਾਈਚਾਰਿਆਂ ਵਿੱਚ ਅਪੰਗਤਾ ਸੰਬੰਧੀ ਗਲਤ ਧਾਰਨਾਵਾਂ ਬਾਰੇ ਵਧੀ ਹੋਈ ਜਾਗਰੂਕਤਾ ਅਤੇ ਸਮਝ।
- CALD ਭਾਈਚਾਰਿਆਂ, ਹਿੱਤਧਾਰਕਾਂ ਅਤੇ ਮਾਹਰਾਂ ਤੋਂ ਸੰਚਾਰ ਰਣਨੀਤੀ ਦੇ ਉਹਨਾਂ ਦੇ ਅਨੁਭਵ 'ਤੇ, ਖ਼ਾਸ ਤੌਰ 'ਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਸੰਬੰਧੀ ਫੀਡਬੈਕ।

## ਕਾਰਵਾਈ 27

ਉਹਨਾਂ ਭਾਈਚਾਰਕ ਸੰਸਥਾਵਾਂ ਤੋਂ ਗਤੀਵਿਧੀਆਂ ਪਛਾਣਨਾ, ਵਿਕਸਿਤ ਕਰਨਾ ਅਤੇ ਸਮਰਥਨ ਕਰਨਾ, ਜੋ NDIS (ਯੋਗਤਾ ਸਮੇਤ) ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਟੀਚਾਗਤ CALD ਭਾਈਚਾਰਿਆਂ ਵਿੱਚ ਅਪੰਗਤਾ ਬਾਰੇ ਰੂੜ੍ਹੀਵਾਦੀ ਸੋਚ ਨੂੰ ਘਟਾਉਂਦੀਆਂ ਹਨ। ਇਹਨਾਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਸੈਕਟਰ ਲਈ ਸਪਸ਼ਟ ਸੰਚਾਰ ਵਿਕਸਿਤ ਕਰਨਾ, ਅਤੇ ਇਸ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਨਾ ਕਿ NDIS ਸਟਾਫ਼ ਅਤੇ ਭਾਈਵਾਲਾਂ ਨੂੰ ਕਿਵੇਂ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਸਹਾਇਕ ਹੋ ਸਕਦੇ ਹਨ।

### ਛੋਟੀ ਮਿਆਦ ਦੀ

*ਨਤੀਜਾ*

NDIS ਭਾਈਚਾਰਕ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਉਹਨਾਂ ਪਹਿਲਕਦਮੀਆਂ ਵਿੱਚ ਸ਼ਾਮਲ ਹੈ ਅਤੇ ਉਹਨਾਂ ਦਾ ਸਮਰਥਨ ਕਰਦਾ ਹੈ ਜੋ NDIS (ਯੋਗਤਾ ਸਮੇਤ) ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ CALD ਭਾਈਚਾਰਿਆਂ ਵਿੱਚ ਅਪੰਗਤਾ ਬਾਰੇ ਰੂੜ੍ਹੀਵਾਦੀ ਸੋਚ ਨੂੰ ਘਟਾਉਂਦੀਆਂ ਹਨ।

*ਤਰੱਕੀ ਮਾਪਕ*

- ਢੁੱਕਵੀਆਂ ਪਹਿਲਕਦਮੀਆਂ ਦੀ ਪਛਾਣ ਕਰਨ ਅਤੇ ਸਮਰਥਨ ਕਰਨ ਲਈ ਦਿਸ਼ਾ-ਨਿਰਦੇਸ਼ਾਂ ਦਾ ਵਿਕਾਸ ਕਰਨਾ।
- ਪਛਾਣ ਅਤੇ ਸਮਰਥਨ ਕੀਤੀਆਂ ਜਾਂਦੀਆਂ ਢੁੱਕਵੀਆਂ ਪਹਿਲਕਦਮੀਆਂ ਦੀ ਗਿਣਤੀ ਅਤੇ ਪ੍ਰਤੀਸ਼ਤਤਾ।

### ਦਰਮਿਆਨੀ ਮਿਆਦ ਦਾ

*ਨਤੀਜੇ*

- CALD ਭਾਈਚਾਰਿਆਂ ਨੂੰ ਅਪੰਗਤਾ ਦੀ ਵਧੇਰੇ ਸਮਝ ਹੈ।
- NDIS ਵਿੱਚ ਅਪੰਗਤਾ ਬਾਰੇ ਪਹੁੰਚ ਅਤੇ ਭਾਗੀਦਾਰੀ ਨੂੰ ਪ੍ਰਭਾਵਿਤ ਕਰਨ ਵਾਲੀ ਰੂੜ੍ਹੀਵਾਦੀ ਸੋਚ ਘੱਟ ਹੈ।

*ਤਰੱਕੀ ਮਾਪਕ*

- ਅਪੰਗਤਾ ਭਾਈਚਾਰੇ, ਭਾਈਚਾਰਕ ਸੰਸਥਾਵਾਂ, NDIS ਭਾਈਵਾਲਾਂ ਅਤੇ ਸਰਕਾਰੀ ਏਜੰਸੀਆਂ (NDIA ਸਹਾਇਤਾ ਨਾਲ) ਦੁਆਰਾ ਪਹਿਲਕਦਮੀਆਂ ਦੁਆਰਾ ਰੁੱਝੇ ਹੋਏ CALD ਭਾਈਚਾਰਿਆਂ ਦੀ ਗਿਣਤੀ।
- NDIS ਵਿੱਚ ਟੀਚਾਗਤ CALD ਭਾਈਚਾਰਿਆਂ ਦੀ ਵਧੀ ਹੋਈ ਪਹੁੰਚ ਅਤੇ ਭਾਗੀਦਾਰੀ।
- CALD ਭਾਈਚਾਰਿਆਂ ਨੇ NDIS ਅਤੇ ਅਪੰਗਤਾ ਬਾਰੇ ਜਾਗਰੂਕਤਾ ਅਤੇ ਸਮਝ ਵਧਣ ਦੀ ਰਿਪੋਰਟ ਕੀਤੀ ਹੈ।

## ਕਾਰਵਾਈ 28

ਮੁੱਖ ਧਾਰਾ ਦੀਆਂ ਸੇਵਾਵਾਂ (ਸਿਹਤ ਪੇਸ਼ੇਵਰਾਂ ਜਿਵੇਂ ਕਿ ਜਨਰਲ ਪ੍ਰੈਕਟੀਸ਼ਨਰ, ਸਹਿਯੋਗੀ ਸਿਹਤ ਪੇਸ਼ੇਵਰ ਅਤੇ ਮਾਹਰਾਂ ਸਮੇਤ) ਦੇ ਹੁਨਰ ਨੂੰ ਬਣਾਉਣ ਲਈ ਸੰਸਥਾਵਾਂ ਅਤੇ ਪੀਕ ਬਾਡੀਜ਼ ਨਾਲ ਮਿਲਕੇ ਕੰਮ ਕਰਨਾ। ਇਸ ਗੱਲ 'ਤੇ ਧਿਆਨ ਕੇਂਦਰਿਤ ਕਰਨਾ ਕਿ CALD ਪਿਛੋਕੜ ਵਾਲੇ ਅਪਾਹਜ ਲੋਕਾਂ ਨੂੰ NDIS ਤੱਕ ਪਹੁੰਚ ਕਰਨ ਅਤੇ ਵਰਤਣ ਲਈ ਕਿਵੇਂ ਸਹਾਇਤਾ ਕਰਨੀ ਹੈ।

### ਛੋਟੀ ਮਿਆਦ ਦੀ

*ਨਤੀਜਾ*

CALD ਪਿਛੋਕੜ ਵਾਲੇ ਅਪੰਗਤਾ ਵਾਲੇ ਲੋਕਾਂ ਦੀ NDIS ਤੱਕ ਪਹੁੰਚ ਕਰਨ ਅਤੇ ਵਰਤਣ ਲਈ ਬਿਹਤਰ ਸਹਾਇਤਾ ਕਰਨ ਲਈ ਸੰਸਥਾਵਾਂ ਅਤੇ ਪੀਕ ਬਾਡੀਜ਼ ਦੇ ਸਹਿਯੋਗ ਨਾਲ ਸੰਬੰਧਿਤ ਸਮਰੱਥਾ-ਨਿਰਮਾਣ ਗਤੀਵਿਧੀਆਂ ਦੀ ਪਛਾਣ ਅਤੇ ਖੋਜ ਕੀਤੀ ਜਾਂਦੀ ਹੈ।

*ਤਰੱਕੀ ਮਾਪਕ*

ਪਛਾਣ ਅਤੇ ਸਮਰਥਨ ਕੀਤੀਆਂ ਜਾਂਦੀਆਂ ਢੁੱਕਵੀਆਂ ਸਮਰੱਥਾ-ਨਿਰਮਾਣ ਪਹਿਲਕਦਮੀਆਂ ਦੀ ਗਿਣਤੀ।

### ਦਰਮਿਆਨੀ ਮਿਆਦ ਦਾ

*ਨਤੀਜਾ*

ਮੁੱਖ ਧਾਰਾ ਦੇ ਸਹਾਇਤਾਵਾਂ (ਜਿਵੇਂ ਕਿ ਜਨਰਲ ਪ੍ਰੈਕਟੀਸ਼ਨਰ, ਸਹਿਯੋਗੀ ਸਿਹਤ ਪੇਸ਼ੇਵਰ ਅਤੇ ਮਾਹਰਾਂ) ਕੋਲ NDIS ਤੱਕ ਪਹੁੰਚ ਕਰਨ ਅਤੇ ਵਰਤਣ ਲਈ CALD ਪਿਛੋਕੜ ਵਾਲੇ ਅਪਾਹਜ ਲੋਕਾਂ ਦੀ ਸਹਾਇਤਾ ਕਰਨ ਦੀ ਵਧੀ ਹੋਈ ਸਮਝ ਅਤੇ ਸਮਰੱਥਾ ਹੈ।

*ਤਰੱਕੀ ਮਾਪਕ*

- ਮੁੱਖ ਧਾਰਾ ਸਹਾਇਤਾਵਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸਮਰੱਥਾ-ਨਿਰਮਾਣ ਗਤੀਵਿਧੀਆਂ (ਸਿਖਲਾਈ ਸਮੇਤ) ਦੀ ਗਿਣਤੀ ਅਤੇ ਪ੍ਰਤੀਸ਼ਤਤਾ।
- NDIS ਤੱਕ ਪਹੁੰਚ ਅਤੇ ਵਰਤੋਂ 'ਤੇ ਮੁੱਖ ਧਾਰਾ ਸਹਾਇਤਾਵਾਂ ਤੋਂ ਸਲਾਹ ਅਤੇ ਸਹਾਇਤਾ (ਜਿੱਥੇ ਉਚਿਤ ਹੋਵੇ) ਪ੍ਰਾਪਤ ਕਰਨ ਵੇਲੇ CALD ਭਾਈਚਾਰਿਆਂ ਦਾ ਅਨੁਭਵ।
- ਮੁੱਖ ਧਾਰਾ ਸਹਾਇਤਾਵਾਂ ਤੋਂ ਸਮਰੱਥਾ-ਨਿਰਮਾਣ ਪਹਿਲਕਦਮੀਆਂ 'ਤੇ ਕੰਮ ਕਰਨ ਦੇ ਉਨ੍ਹਾਂ ਦੇ ਅਨੁਭਵ, CALD ਭਾਗੀਦਾਰ NDIS ਤੱਕ ਕਿਵੇਂ ਪਹੁੰਚ ਅਤੇ ਵਰਤੋਂ ਕਰ ਸਕਦੇ ਹਨ ਇਸ ਬਾਰੇ ਉਨ੍ਹਾਂ ਦੀ ਸਮਝ 'ਤੇ ਫੀਡਬੈਕ।

# ਰਾਸ਼ਟਰੀ ਅਪੰਗਤਾ ਬੀਮਾ ਏਜੰਸੀ

ndis.gov.au

ਟੈਲੀਫ਼ੋਨ 1800 800 110

ਵੈਬਚੈਟ ndis.gov.au

ਸਾਡੇ ਸੋਸ਼ਲ ਚੈਨਲਾਂ 'ਤੇ ਸਾਨੂੰ ਫ਼ੌਲੋ ਕਰੋ

ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ, ਯੂਟਿਊਬ, ਲਿੰਕਡਇਨ

**ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ ਮੱਦਦ ਦੀ ਲੋੜ ਹੈ**

**TIS:** 131 450

**ਉਹਨਾਂ ਲੋਕਾਂ ਲਈ ਜੋ ਬੋਲ਼ੇ ਹਨ ਜਾਂ ਸੁਣਨ ਵਿੱਚ ਸਮੱਸਿਆ ਹੈ**

**TTY:** 1800 555 677

**ਵੌਇਸ ਰੀਲੇਅ:** 1800 555 727

**ਨੈਸ਼ਨਲ ਰੀਲੇਅ ਸਰਵਿਸ:** relayservice.gov.au